
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 12
June 28, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਪਹਿਲਾ ਗੁਰਮਤਿ ਕੈਂਪ ਸਫਲਤਾ ਪੂਰਵਕ ਸੰਪੰਨ (ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 11, 12, 13, 14 'ਤੇ)

# ਦੂਰਗਾਮੀ ਸੁਨੇਹੇ ਦੇਣ ਵਾਲੀ ਮੋਦੀ ਤੇ ਟਰੰਪ ਦੀ ਗਲਵੱਕੜੀ

**ਵਾਸ਼ਿੰਗਟਨ (ਬਿਊਰੋ)–** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮ–ਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ ਦੋਸਤਾਨਾ ਵਿਹਾਰ ਸਿਖਰਾਂ 'ਤੇ ਰਿਹਾ। ਦੋਵਾਂ ਆਗੂਆਂ ਨੇ ਇਕ–ਦੂਜੇ ਦੇ ਰੱਜ ਕੇ ਸੋਹਲੇ ਗਾਏ ਤੇ ਇਕ–ਦੂਜੇ ਦੀ ਲੀਡਰਸ਼ਿਪ ਦੀਆਂ ਤਾਰੀਫ਼ਾਂ ਕੀਤੀਆਂ ਅਤੇ ਗਲਵੱਕੜੀਆਂ ਪਾਈਆਂ। ਸ੍ਰੀ ਟਰੰਪ ਨੇ ਭਾਰਤ ਨੂੰ 'ਸੱਚਾ ਮਿੱਤਰ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੀ



ਦੋਸਤੀ ਸਾਂਝੀਆਂ ਕਦਰਾਂ–ਕੀਮਤਾਂ ਉਤੇ ਆਧਾਰਿਤ ਹੈ, ਜਿਨ੍ਹਾਂ ਵਿੱਚ 'ਜਮਹੂਰੀਅਤ ਲਈ ਸਾਡੀ ਵਚਨਬੱਧਤਾ' ਵੀ ਸ਼ਾਮਲ ਹੈ। ਉਨ੍ਹਾਂ ਕਿਹਾ, "ਰਾਸ਼ਟਰਪਤੀ ਚੋਣ ਲਈ ਪ੍ਰਚਾਰ ਮੁਹਿੰਮ ਦੌਰਾਨ ਮੈਂ ਅਹਿਦ ਲਿਆ ਸੀ ਕਿ ਜੇ ਮੈਂ ਚੁਣਿਆ ਗਿਆ ਤਾਂ ਵਾਈਟ ਹਾਊਸ ਵਿੱਚ ਭਾਰਤ ਸਾਡਾ ਸੱਚਾ ਦੋਸਤ ਹੋਵੇਗਾ।'' ਉਨ੍ਹਾਂ ਕਿਹਾ, ''ਪ੍ਰਧਾਨ ਮੰਤਰੀ ਮੋਦੀ, ਮੈਂ ਤੁਹਾਨੂੰ ਸਲਾਮ ਕਰ ਕੇ ਗਦਗਦ ਹੋ ਰਿਹਾ ਹਾਂ।'' ਸ੍ਰੀ ਮੋਦੀ ਨੇ ਸ੍ਰੀ ਟਰੰਪ ਨੂੰ ਕਿਹਾ,

**(ਬਾਕੀ ਸਫਾ 18 ਤੇ)**

## ਨਹੀਂ ਛੋਹਿਆ ਐਚ–1ਬੀ ਦਾ ਮਸਲਾ

**ਵਾਸ਼ਿੰਗਟਨ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਹਿਲੀ ਮੁਲਾਕਾਤ ਦੌਰਾਨ ਐਚ–1ਬੀ ਵੀਜ਼ੇ ਦਾ ਮੁੱਦਾ ਆਸ ਦੇ ਉਲਟ ਉੱਕਾ



ਹੀ ਨਹੀ ਵਿਚਾਰਿਆ ਗਿਆ। ਐਚ–1ਬੀ ਵੀਜ਼ਿਆਂ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈ ਆਰਜ਼ੀ ਰੋਕ ਕਰਕੇ ਭਾਰਤ–ਅਮਰੀਕਾ ਸਬੰਧਾਂ 'ਤੇ ਖ਼ਤਰੇ ਦੇ ਬੱਦਲ ਛਾਏ ਹੋਏ ਸਨ ਤੇ ਅਜਿਹੇ ਕਿਆਸ ਲਾਏ ਜਾ ਰਹੇ ਸਨ ਕਿ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਦੁਵੱਲੀ ਗੱਲਬਾਤ ਦਾ ਹਿੱਸਾ ਬਣਾਇਆ ਜਾਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਐਚ–1ਬੀ ਵੀਜ਼ਿਆਂ 'ਤੇ ਨਜ਼ਰਸਾਨੀ ਦੇ ਫ਼ੈਸਲੇ ਨਾਲ ਭਾਰਤ ਵਿੱਚ ਇਹ ਮੁੱਦਾ ਗਰਮਾ ਗਿਆ ਸੀ ਕਿਉਂਕਿ ਵੀਜ਼ੇ ਦੀ ਇਸ

**(ਬਾਕੀ ਸਫਾ 18 ਤੇ)**

# ਪਲਵਿੰਦਰ ਕੌਰ ਬਣੀ ਕਨੇਡਾ 'ਚ ਜੱਜ

**ਬੰਗਾ( ਪੰਮੀ ਲਾਲੋ ਮਜਾਰਾ)–** ਕੈਨੇਡੀਅਨ ਵਕੀਲ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ਦੀ ਜੱਜ ਨਿਯੁਕਤ ਕੀਤਾ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿੱਚ ਉਹ ਪਹਿਲੀ ਦਸਤਾਰ ਧਾਰੀ ਜੱਜ ਬਣੀ ਹੈ। ਜਸਟਿਸ ਸ਼ੇਰਗਿੱਲ ਨੇ ਕੈਨੇਡਾ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਕਈ ਕੇਸ ਲੜੇ ਹਨ। ਇਸ ਨਿਯੁਕਤੀ 'ਤੇ ਉਨ੍ਹਾਂ ਦੇ ਪੇਕੇ ਪਿੰਡ ਰੁੜਕਾ ਕਲਾਂ ਵਿੱਚ ਲੱਡੂ ਵੰਡੇ ਗਏ। ਉਨ੍ਹਾਂ ਦੇ ਪਰਿਵਾਰਕ ਮੈਂਬਰ ਗੁਰਬਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਗਿਆਨ ਸਿੰਘ ਸੰਧੂ ਦੀ ਧੀ ਪਲਬਿੰਦਰ ਕੌਰ ਦੀ ਉਮਰ ਕਰੀਬ 47 ਸਾਲ ਹੈ ਅਤੇ ਉਹ 6–7 ਸਾਲ ਦੀ ਉਮਰ ਵਿੱਚ ਕੈਨੇਡਾ ਚਲੀ ਗਈ ਸੀ। ਪਲਬਿੰਦਰ ਦਾ ਵਿਆਹ 18 ਸਾਲ ਪਹਿਲਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਦੇ ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਨਾਲ ਹੋਇਆ ਸੀ। ਪਿੰਡ ਵਾਸੀਆਂ ਨੇ ਕਿਹਾ ਕਿ ਪਲਬਿੰਦਰ ਦੀ ਪ੍ਰਾਪਤੀ 'ਤੇ ਉਨ੍ਹਾਂ ਨੂੰ ਮਾਣ ਹੈ।



# ਜਾਤ 'ਤੇ ਨਹੀ, ਵਿਚਾਰਧਾਰਾ ਦੇ ਆਧਾਰ 'ਤੇ ਚੋਣ ਲੜਾਂਗੇ

**ਨਵੀਂ ਦਿੱਲੀ (ਬਿਊਰੋ)–** ਵਿਰੋਧੀ ਧਿਰ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਮੀਰਾ ਕੁਮਾਰ ਨੇ ਕਿਹਾ ਕਿ ਉਹ ਜਾਤ ਦੇ ਆਧਾਰ 'ਤੇ ਨਹੀਂ ਬਲਕਿ ਵਿਚਾਰਧਾਰਾ ਦੇ ਆਧਾਰ 'ਤੇ ਚੋਣ ਲੜਨਗੇ। ਉਨ੍ਹਾਂ ਜ਼ੋਰ ਦਿੱਤਾ ਕਿ ਉਹ ਜਮਹੂਰੀ ਰਵਾਇਤਾਂ ਦੀ ਰੱਖਿਆ ਅਤੇ ਜਾਤ–ਪਾਤ ਵਾਲੇ ਢਾਂਚੇ ਨੂੰ ਖ਼ਤਮ ਕਰਨਗੇ। ਮੀਰਾ ਕੁਮਾਰ, ਜੋ ਐਨਡੀਏ ਉਮੀਦਵਾਰ ਰਾਮ ਨਾਥ ਕੋਵਿੰਦ ਖ਼ਿਲਾਫ਼ ਖੜ੍ਹੇ ਹਨ, ਨੇ ਰਾਸ਼ਟਰਪਤੀ ਦੀ ਚੋਣ ਨੂੰ 'ਵਿਚਾਰਧਾਰਾਵਾਂ ਦੀ ਜੰਗ' ਦੱਸਿਆ। ਉਨ੍ਹਾਂ ਕਿਹਾ ਕਿ ਇਹ 'ਦਲਿਤ ਬਨਾਮ ਦਲਿਤ' ਜੰਗ ਨਹੀਂ ਜਿਵੇਂ ਕਿ ਕੁੱਝ ਲੋਕਾਂ ਵੱਲੋਂ ਬਣਾਈ ਜਾ ਰਹੀ ਹੈ।



ਰਾਸ਼ਟਰਪਤੀ ਚੋਣਾਂ ਮੌਕੇ ਸਿਆਸੀ ਪਾਰਟੀਆਂ ਵੱਲੋਂ ਆਪਣੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਲਈ ਕੋਈ ਵ੍ਹਿਪ ਜਾਰੀ ਨਹੀਂ ਕੀਤਾ ਜਾਂਦਾ, ਜਿਸ ਤੋਂ ਭਾਵ ਹੈ ਕਿ ਚੋਣ ਮੰਡਲ ਦੇ ਮੈਂਬਰਾਂ ਨੂੰ ਆਪਣੀ ਮਰਜ਼ੀ ਮੁਤਾਬਕ ਵੋਟ ਪਾਉਣ ਦੀ ਖੁੱਲ੍ਹ ਹੁੰਦੀ ਹੈ। ਸਤਾਰਾਂ ਵਿਰੋਧੀ ਧਿਰਾਂ ਵੱਲੋਂ ਸਾਂਝੀ ਉਮੀਦਵਾਰ ਬਣਾਏ ਜਾਣ ਬਾਅਦ ਪਲੇਠੀ ਪ੍ਰੈੱਸ ਕਾਨਫਰੰਸ ਵਿੱਚ ਮੀਰਾ ਕੁਮਾਰ ਨੇ ਕਿਹਾ,

**(ਬਾਕੀ ਸਫਾ 18 ਤੇ)**


Bhupinder Kaur, CPA
BKG Accounting & Tax Services
ਆਪਣੇ ਕਾਰੋਬਾਰ ਸੰਬੰਧੀ Paperwork ਲਈ ਸਾਡੇ ਨਾਲ ਤੁਰੰਤ ਸੰਪਰਕ ਕਰੋ
ਘਰ ਬੈਠਿਆਂ ਸਾਡੀਆ ਸੇਵਾਵਾਂ ਪ੍ਰਾਪਤ ਕਰੋ
ਅਸੀਂ ਹੇਠਾਂ ਦਿੱਤੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ:
ਰੋਜ਼ਾਨਾ ਵਪਾਰ ਟ੍ਰਾਂਸਕੇਸ਼ਨਾਂ, ਟਰੱਕਿੰਗ ਕਾਗਜ਼ੀ ਕੰਮ ਵਿੱਚ ਮੁਹਾਰਤ, ਨਿੱਜੀ ਅਤੇ ਕਾਰੋਬਾਰ ਲਈ ਇਨਕਮ ਟੈਕਸ ਰਿਟਰਨ, ਅਸੀਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
30% discount on remote Bookkeeping & Accounting Services

Kulvinder Singh, M.S. Commerce
(209)-261-0682, (209)-233-4573
E-mail: cpabkg@gmail.com
Website: www.cpabkg.com

BAGGA JEWELERS
SINCE 1996
916-912-8842,
916-329-8772
jewelers.Bagga@gmail.com
GRAND OPENING
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
ਹੋਰ ਜਾਣਕਾਰੀ ਲਈ ਦੇਖੋ ਸਫਾ 14 'ਤੇ

Sandeep Jony Bagga
6930 65TH STREET # 115 SACRAMENTO CA 95823


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


ELITE
REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ–ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE
REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539







## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ)

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਏ ਜਾਣ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ ਲੱਖ ਵਧਾਈ।

ਆਓ ਆਪਾਂ ਸਭ ਰਲ-ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਉਪਰੋਕਤ ਦਿਨਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



Late
Sh. Lahori Ram
Comissioner



**Jagdev Ram with his brother AjaiPaul Ram, sister, mother, wife & daughter**


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਢੁੱਗਾ ਅਤੇ ਗੁਰਜੀਤ ਕੌਰ ਢੁੱਗਾ


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com

# ਜਲੰਧਰ ਡਵੀਜ਼ਨ ਦੇ ਮਾਲੀਆ ਅਧਿਕਾਰੀਆਂ ਦੀ ਚੋਣ ਸਰਬਸੰਮਤੀ ਨਾਲ ਸੰਪੰਨ

## ਮਨੋਹਰ ਲਾਲ ਬਣੇ ਪ੍ਰਧਾਨ, ਅਰਵਿੰਦਰ ਸਲਵਾਨ ਹੋਣਗੇ ਜਨਰਲ ਸਕੱਤਰ





ਉਘੇ ਸਮਾਜ ਸੇਵੀ ਅਤੇ ਬਿਜਨਸਮੈਨ ਸ੍ਰੀ ਰਾਮ ਸਰੋਏ ਅਤੇ ਉਹਨਾਂ ਦੇ ਛੋਟੇ ਭਰਾ ਨਵ-ਨਿਯੁਕਤ ਪ੍ਰਧਾਨ ਸ੍ਰੀ ਮਨੋਹਰ ਲਾਲ ਜੀ ਦੇ ਨਾਲ ਪਿਛਲੇ ਦਿਨੀਂ ਇਕ ਮੁਲਾਕਾਤ ਦੌਰਾਨ।

**ਜਲੰਧਰ (ਬਿਊਰੋ)–** ਜਲੰਧਰ ਡਵੀਜ਼ਨ ਦੇ ਮਾਲੀਆ ਅਧਿਕਾਰੀਆਂ ਦੀ ਇਕ ਮੀਟਿੰਗ ਸ਼ਨੀਵਾਰ ਨੂੰ ਸਥਾਨਕ ਸਰਕਟ ਹਾਊਸ ਵਿਚ ਸੂਬਾ ਪ੍ਰਧਾਨ ਗੁਰਦੇਵ ਸਿੰਘ ਧੰਮ ਦੀ ਪ੍ਰਧਾਨਗੀ ਵਿਚ ਆਯੋਜਿਤ ਹੋਈ। ਇਸ ਵਿਚ ਜਲੰਧਰ ਡਵੀਜ਼ਨ ਦੀ ਚੋਣ ਆਬਜ਼ਰਵਰ ਇੰਦਰਦੇਵ ਸਿੰਘ ਅਤੇ ਲਕਸ਼ਮਣ ਸਿੰਘ ਦੀ ਨਿਗਰਾਨੀ ਵਿਚ ਕਰਵਾਈ ਗਈ, ਜਿਸ ਵਿਚ ਸਰਬਸੰਮਤੀ ਨਾਲ ਮਨੋਹਰ ਲਾਲ ਸਰੋਆ ਨੂੰ ਪ੍ਰਧਾਨ, ਅਰਵਿਦਰ ਸਲਵਾਨ ਨੂੰ ਜਨਰਲ ਸਕੱਤਰ, ਕੁਲਵੰਤ ਸਿੰਘ ਸਿੱਧੂ ਅਤੇ ਮੈਡਮ ਸੀਮਾ ਸਿੰਘ ਨੂੰ ਸੀਨੀਅਰ ਵਾਈਸ ਪ੍ਰਧਾਨ, ਪ੍ਰਦੀਪ ਕੁਮਾਰ ਨੂੰ ਕੈਸ਼ੀਅਰ, ਜਸਵੀਰ ਸਿੰਧ ਸੰਧੂ ਅਤੇ ਜਸਕਰਨ ਸਿੰਘ ਨੂੰ ਮੈਂਬਰ ਬਣਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਿੰਦਰ ਸਿੰਘ, ਕਰਨਦੀਪ ਸਿੰਘ ਭੁੱਲਰ ਪੀ. ਪੀ. ਐਸ. ਗੁਰਾਇਆ, ਹਰਕਰਮ ਸਿੰਘ, ਮਨਿੰਦਰ ਸਿੰਘ ਸਿੱਧੂ, ਪ੍ਰਵੀਨ ਛਿੱਬਰ (ਸਾਰੇ ਤਹਿਸੀਲਦਾਰ), ਡੀ. ਆਰ. ਓ. ਅਲਵਿੰਦਰਪਾਲ ਸਿੰਘ ਦੇ ਨਾਲ ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਖਰਾਜ ਸਿੰਘ ਸੰਧੂ, ਅਮਰਜੀਤ ਸਿੰਘ, ਮੇਲਾ ਸਿੰਘ (ਸਾਰੇ ਨਾਇਬ ਤਹਿਸੀਲਦਾਰ) ਹਾਜ਼ਰ ਸਨ। ਸ੍ਰੀ ਰਾਮ ਸਰੋਏ, ਅਮਰੀਕ ਚੰਦ (ਸੀ. ਪੀ. ਏ.), ਸ੍ਰੀ ਵਿਨੋਦ ਕੁਮਾਰ ਚੁੰਬਰ, ਬਲਬੀਰ ਖਿੰਦ ਅਤੇ ਪ੍ਰੇਮ ਕੁਮਾਰ ਨੇ ਸ੍ਰੀ ਮਨੋਹਰ ਲਾਲ ਨੂੰ ਉਹਨਾਂ ਦੀ ਨਿਯੁਕਤੀ ਤੇ ਹਾਰਦਿਕ ਵਧਾਈ ਦਿੱਤੀ।

# ਪ੍ਰਸ਼ਾਸਨ ਵਲੋਂ ਤੰਬਾਕੂ ਤੇ ਇਸ ਤੋਂ ਬਣੀਆਂ ਚੀਜ਼ਾਂ ਉਤੇ ਰੋਕ ਲਾਉਣ ਦੇ ਯਤਨ ਛੋਟੇ ਕਾਰੋਬਾਰਾਂ ਲਈ ਘਾਤਕ - ਏ.ਪੀ.ਸੀ.ਏ.

**ਸੈਨ ਫਰਾਂਸਿਸਕੋ (ਬਿਊਰੋ):** ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ.ਪੀ.ਸੀ.ਏ.) ਨੇ ਸਰਕਾਰੀ ਪ੍ਰਸ਼ਾਸਨ ਵਲੋਂ ਤੰਬਾਕੂ ਤੇ ਇਸ ਤੋਂ ਬਣੀਆਂ ਚੀਜ਼ਾਂ ਉਤੇ ਰੋਕ ਲਾਉਣ ਦੇ ਯਤਨਾਂ 'ਤੇ ਫਿਕਰ ਜ਼ਾਹਰ ਕਰਦਿਆਂ ਇਨ੍ਹਾਂ ਯਤਨਾਂ ਨੂੰ ਛੋਟੇ ਕਾਰੋਬਾਰਾਂ ਲਈ ਘਾਤਕ ਦੱਸਿਆ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਯਤਨਾਂ ਨਾਲ ਕੁਝ ਵੀ ਸੰਵਰਨ ਦੀ ਸੰਭਾਵਨਾ ਬਹੁਤ ਘੱਟ ਹੈ।

ਛੋਟੇ ਕਾਰੋਬਾਰੀਆਂ ਦੀ ਇਸ ਜਥੇਬੰਦੀ ਦੇ ਐਗਜ਼ੈਕਟਿਵ ਬੋਰਡ ਮੈਂਬਰ ਸੰਜੀਵ ਪਟੇਲ ਨੇ ਕਿਹਾ ਹੈ ਕਿ ਸਿਲੀਕਾਨ ਵੈਲੀ ਕਾਰੋਬਾਰੀਆਂ, ਵਿਅਕਤੀਆਂ ਅਤੇ ਬਦਕਿਸਮਤੀ ਨਾਲ ਸਰਕਾਰ ਲਈ ਨਵੇਂ ਤੋਂ ਨਵੇਂ ਖਿਆਲ ਬਣਾਉਣ ਦੀ ਜਨਮ ਭੂਮੀ ਹੈ। ਹੁਣ ਸਾਡੇ ਆਲੇ ਦੁਆਲੇ ਹਰ ਥਾਂ ਤੰਬਾਕੂ ਉਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸ੍ਰੀ ਪਟੇਲ ਨੇ ਆਖਿਆ ਕਿ ਤੰਬਾਕੂ ਵਿਰੋਧੀ ਧਿਰਾਂ ਆਪਣਾ ਏਜੰਡਾ ਠੋਸਣ ਲਈ ਅਤੇ ਸਾਡੇ ਛੋਟੇ ਕਾਰੋਬਾਰੀਆਂ ਦੇ ਉਦਮ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਸਾਡੀ ਏਕਤਾ ਦਾ ਨਾਜਾਇਜ਼ ਫਾਇਦਾ ਉਠਾਉਣ ਲਈ ਯਤਨਸ਼ੀਲ ਹਨ।

ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਅਜਿਹੀਆਂ ਹੋਰ ਵਪਾਰਕ ਜਥੇਬੰਦੀਆਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਆਰਡੀਨੈਂਸਾਂ ਵਿਰੁਧ ਆਵਾਜ਼ ਉਠਾਉਂਦੀ ਆ ਰਹੀ ਹੈ ਜਿਹੜੇ ਛੋਟੇ ਕਾਰੋਬਾਰ ਲਈ ਘਾਤਕ ਸਾਬਿਤ ਹੋ ਸਕਦੇ ਹਨ।

ਜਥੇਬੰਦੀ ਦੇ ਚੇਅਰਮੈਨ ਮਨਰਾਜ ਨੱਤ ਦਾ ਕਹਿਣਾ ਹੈ ਕਿ ਜੇ ਇਹ ਆਰਡੀਨੈਂਸ ਪਾਸ ਹੋ ਜਾਂਦੇ ਹਨ ਤਾਂ ਸਾਡੇ ਮੈਂਬਰ ਕਾਰੋਬਾਰੀਆਂ ਲਈ ਬਹੁਤ ਹੀ ਘਾਤਕ ਸਾਬਤ ਹੋਣਗੇ। ਇਕ ਅੰਦਾਜ਼ੇ ਮੁਤਾਬਕ ਕਾਰੋਬਾਰੀਆਂ ਨੂੰ ਸ਼ੁੱਧ ਮੁਨਾਫੇ ਵਿਚ 30 ਤੋਂ 50 ਹਜ਼ਾਰ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ। ਇਸ ਨੁਕਸਾਨ ਨਾਲ ਸਾਡੇ ਕਾਰੋਬਾਰਾਂ ਦੀ ਕੀਮਤ ਵੀ ਬਹੁਤ ਥੱਲੇ ਆ ਜਾਵੇਗੀ।




ਸ੍ਰੀ ਨੱਤ ਨੇ ਦੱਸਿਆ ਕਿ ਕੋਂਟਰਾ ਕੋਸਟਾ ਕਾਉਂਟੀ, ਸੈਨ ਫਰਾਂਸਿਸਕੋ ਕਾਉਂਟੀ, ਓਕਲੈਂਡ ਸਿਟੀ ਅਤੇ ਸੈਨ ਲੀਐਂਡਰੋ ਸਿਟੀ ਨੇ ਅਜਿਹੇ ਆਰਡੀਨੈਂਸ ਤਜਵੀਜ਼ ਕੀਤੇ ਹਨ ਜਿਨ੍ਹਾਂ ਅਨੁਸਾਰ ਫਲੇਵਰਡ ਤੰਬਾਕੂ ਅਤੇ 10 ਸਿਗਾਰਾਂ ਦੇ ਪੈਕ ਉਤੇ ਪਾਬੰਦੀ ਲਾਉਣਾ, ਸਕੂਲ ਦੇ ਬਹੁਤ ਨੇੜੇ ਦੇ ਸਟੋਰ ਦੇ ਮੌਜੂਦਾ ਲਾਈਸੈਂਸ ਨੂੰ ਤਬਦੀਲ ਨਾ ਕੀਤੇ ਜਾਣਾ, ਕਾਉਂਟੀ ਵਲੋਂ ਲਾਈਸੈਂਸ ਰੱਦ ਕਰਨ ਤੋਂ ਪਹਿਲਾਂ ਮੌਜੂਦਾ ਰੀਟੇਲਰਾਂ ਨੂੰ 10 ਸਾਲ ਤੱਕ ਕਾਰੋਬਾਰ ਚਲਾਉਣ ਦੀ ਇਜਾਜ਼ਤ ਦੇਣਾ ਅਤੇ ਇਨ੍ਹਾਂ ਯਤਨਾਂ ਦੀ ਉਲੰਘਣਾ 'ਤੇ ਵੱਡੇ ਜੁਰਮਾਨੇ ਕੀਤੇ ਜਾਣਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਏ. ਪੀ. ਸੀ. ਏ. ਦੇ ਯਤਨਾਂ ਸਦਕਾ ਜੁਰਮਾਨੇ ਅਤੇ ਸਜ਼ਾ ਦੇ ਆਰਡੀਨੈਂਸ ਤੋਂ ਕੁਝ ਹੱਦ ਤੱਕ ਰਾਹਤ ਦਿਵਾਈ ਜਾ ਸਕੇਗੀ। ਜਥੇਬੰਦੀ ਦੇ ਮੈਂਬਰਾਂ ਨੇ ਬਹੁਤ ਸਾਰੇ ਸੁਪਰਵਾਈਜ਼ਰਾਂ ਅਤੇ ਕੌਂਸਲ ਮੈਂਬਰਾਂ ਨੂੰ ਮਿਲ ਕੇ ਆਪਣੇ ਫਿਕਰ ਜ਼ਾਹਰ ਕੀਤੇ ਹਨ। ਸਾਡੇ ਮੈਂਬਰਾਂ ਨੇ ਇਨ੍ਹਾਂ ਆਰਡੀਨੈਂਸਾਂ ਦੇ ਪੈਣ ਵਾਲੇ ਘਾਤਕ ਅਸਰ ਬਾਰੇ ਜਾਣੂੰ ਕਰਵਾਇਆ ਹੈ।

ਏ.ਪੀ.ਸੀ.ਏ. ਦੇ ਮੈਂਬਰ ਪੌਲ ਹੇਅਰ ਦਾ ਕਹਿਣਾ ਹੈ ਕਿ ਇਹ ਸਾਬਤ ਹੋ ਚੁਕਾ ਹੈ ਕਿ ਰੀਟੇਲਰ ਕਾਰੋਬਾਰੀਆਂ ਵਲੋਂ ਕਾਨੂੰਨਾਂ ਦੀ ਪੈਰਵੀ 95% ਤੱਕ ਕੀਤੀ ਜਾ ਰਹੀ ਹੈ। ਕੀਤੀ ਗਈ ਪੜਤਾਲ ਤੋਂ ਇਹ ਸਾਬਤ ਹੋ ਚੁਕਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਤੰਬਾਕੂ ਵਸਤਾਂ ਰੀਟੇਲਰਾਂ ਤੋਂ ਨਹੀਂ, ਸਗੋਂ ਹੋਰ ਸੋਸ਼ਲ ਵਸੀਲਿਆਂ ਤੋਂ ਮਿਲਦੀਆਂ ਹਨ। ਇਨ੍ਹਾਂ ਆਰਡੀਨੈਂਸਾਂ ਦਾ ਇਸ ਸਭ ਨੂੰ ਰੋਕਣ ਲਈ ਕੋਈ ਲਾਭ ਨਹੀਂ ਹੁੰਦਾ। ਏ.ਪੀ.ਸੀ.ਏ. ਕੁਝ ਵਿਧਾਨਕਾਰਾਂ ਨੂੰ ਇਹ ਦੱਸਣ ਵਿਚ ਸਫਲ ਰਹੀ ਹੈ ਕਿ ਟੀਨ ਏਜਰਾਂ ਨੂੰ ਤੰਬਾਕੂਨੋਸ਼ੀ ਤੋਂ ਰੋਕਣ ਲਈ ਹੋਰ ਅਜਿਹੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ ਜਿਨ੍ਹਾਂ ਦਾ ਕੋਈ ਲਾਭ ਵੀ ਹੋ ਸਕੇ। ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਗੈਸ ਸਟੇਸ਼ਨ, ਲਿੱਕਰ ਸਟੋਰ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੀ ਇਕ ਨਾਨ ਪ੍ਰਾਫਿਟ ਜਥੇਬੰਦੀ ਹੈ ਅਤੇ ਇਸ ਦੇ 800 ਤੋਂ ਵੱਧ ਮੈਂਬਰ ਹਨ। ਜਥੇਬੰਦੀ ਆਪਣੇ ਮੈਂਬਰਾਂ ਨੂੰ ਆਪਣਾ ਕਾਰੋਬਾਰ ਵਧਾਉਣ ਲਈ ਸਿੱਖਿਅਤ ਕਰਨ ਦੇ ਉਪਰਾਲੇ ਵੀ ਕਰਦੀ ਹੈ।

ਹੋਰ ਜਾਣਕਾਰੀ ਵਾਸਤੇ ਏ.ਪੀ.ਸੀ.ਏ. ਦੇ ਐਗਜ਼ੈਕਟਿਵ ਡਾਇਰੈਕਟਰ ਕੇਵਲ ਕ੍ਰਿਸ਼ਨ ਨਾਲ ਫੋਨ 408-385-2020 ਜਾਂ ਈਮੇਲ: admin@apca.us ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਕਰਮਨ ਪੰਜਾਬੀ ਸਕੂਲ ਦਾ ਸਲਾਨਾ ਸੱਭਿਆਚਾਰਕ ਪ੍ਰੋਗਰਾਮ ਛੱਡ ਗਿਆ ਅਮਿੱਟ ਪੈੜਾਂ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਵਿਖੇ 'ਕਰਮਨ ਪੰਜਾਬੀ ਸਕੂਲ' ਵੱਲੋਂ ਸਾਲ ਦੀ ਸਮਾਪਤੀ 'ਤੇ ਸਾਲ ਭਰ ਦੀਆਂ ਪ੍ਰਾਪਤੀਆਂ ਦੀ ਪਰਿਵਾਰਾ ਨਾਲ ਸਾਂਝ ਪਾਉਦੇ ਹੋਏ ਸੱਭਿਆਚਾਰਕ ਪ੍ਰੋਗਰਾਮ 'ਕਰਮਨ ਕਮਿਊਨਟੀ ਸੈਂਟਰ" ਵਿੱਚ ਕੀਤਾ ਗਿਆ। ਇਸ ਦੀ ਸੁਰੂਆਤ ਸਕੂਲ ਦੇ ਪ੍ਰੈਜ਼ੀਡੇਟ (ਪ੍ਰਧਾਨ) ਸ. ਗੁਰਜੰਟ ਸਿੰਘ ਗਿੱਲ ਦੀ ਅਗਵਾਈ ਅਧੀਨ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰਾ ਦੁਆਰਾ ਭਰੇ ਹਾਲ ਅੰਦਰ ਸਮੂੰਹ ਹਾਜ਼ਰ ਪਰਿਵਾਰਾ ਨੂੰ 'ਜੀ ਆਇਆ' ਕਹਿੰਦੇ ਹੋਏ ਕੀਤੀ ਗਈ। ਜਿੰਨ੍ਹਾਂ ਵਿੱਚ ਕੁਲਵੰਤ ਸਿੰਘ ਉੱਭੀ (ਵਾਈਸ਼ ਪ੍ਰੈਜ਼ੀਡੇਟ), ਕਮਲਜੀਤ ਸਿੰਘ ਸਰ੍ਹਾਂ (ਖਜਾਨਚੀ), ਜਸਮੀਤ ਕੌਰ ਮਾਨ (ਸੈਂਕਟਰੀ) ਤੋਂ ਇਲਾਵਾ ਬੋਰਡ ਮੈਂਬਰਾ ਵਿੱਚ ਕਮਲਜੀਤ ਕੌਰ ਬੈਂਸ਼, ਹਰਦੀਪ ਕੌਰ ਜਾਨੀ ਅਤੇ ਬਲਜੀਤ ਕੌਰ ਜੌਹਲ ਦੇ ਨਾਂ ਸਾਮਲ ਹਨ।

ਪਹਿਲਾ ਬੱਚਿਆ ਵੱਲੋਂ ਪ੍ਰਮਾਤਮਾ ਦਾ ਸੁਕਰਾਨਾ ਕਰਦੇ ਹੋਏ ਗੁਰਬਾਣੀ ਸ਼ਬਦ ਉਚਾਰਣ ਕੀਤਾ ਗਿਆ। ਸਾਰੇ ਸਾਲ ਦੀਆਂ ਸਕੂਲ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਨੂੰ ਦਿਖਾਉਦੇ ਸਲਾਈਡ ਸ਼ੋ ਨੂੰ ਗੁਰਪ੍ਰੀਤ ਸਿੰਘ ਜਾਨੀ ਨੇ ਪੇਸ਼ ਕੀਤਾ। ਇਸ ਉਪਰੰਤ ਸੂਰੂ ਹੋਇਆ ਖੁੱਲਾਂ ਸੱਭਿਆਚਾਰਕ ਮੇਲਾ। ਜਿਸ ਵਿੱਚ ਬੱਚਿਆ ਨੇ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ-ਵੱਖ ਗਰੁੱਪਾ ਵਿਚ ਜੌਹਰ ਦਿਖਾਏ। ਇਸ ਸਮੇਂ ਬੱਚਿਆ ਵੱਲੋਂ ਸਪੀਚ ਅਤੇ ਸਕਿੱਟਾ ਵੀ ਪੇਸ਼ ਕੀਤੀਆਂ ਗਈਆਂ।



ਜਦ ਕਿ ਅੰਤਲੇ ਪਲਾਂ ਵਿੱਚ ਸਭ ਨੇ ਨੱਚਦੇ-ਟੱਪਦੇ ਇਸ ਪਰਿਵਾਰਕ ਮਹੌਲ ਨੂੰ ਬਹੁਤ ਮੰਨੋਰੰਜ਼ਕ ਬਣਾ ਦਿੱਤਾ। ਇਸ ਸਮੇਂ ਸਾਰੇ ਹਿੱਸਾ ਲੈਣ ਵਾਲੇ ਸਾਰੇ ਬੱਚਿਆ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਥਾਨਿਕ ਕੌਸ਼ਲ ਮੈਂਬਰ ਰਾਜ ਧਾਲੀਵਾਲ ਨੇ ਵੀ ਹਾਜ਼ਰੀਨ ਨੂੰ ਸੰਬੋਧਿਤ ਕੀਤਾ। ਭੰਗੜੇ ਨੂੰ ਸਿਖਾਉਣ ਕੋਚਾ ਵਿਚ ਗੁਰਪ੍ਰੀਤ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਨਾਹਲ ਦੇ ਨਾਂ ਸਾਮਲ ਹਨ। ਜਦ ਕਿ ਗਿੱਧਾ ਕੋਚ ਗੁਰਪ੍ਰੀਤ ਕੌਰ ਬਰਾੜ, ਜੱਸੂ ਹੇਅਰ, ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਮਨਪ੍ਰੀਤ ਕੌਰ ਹੇਅਰ ਨੇ ਸਲਾਘਾਯੋਗ ਕੰਮ ਕੀਤਾ।

ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਕੁਲਵੰਤ ਸਿੰਘ ਉੱਭੀ ਅਤੇ ਦਵਿੰਦਰ ਕੌਰ ਸਰ੍ਹਾਂ ਨੇ ਬਾਖੂਬੀ ਕੀਤਾ। ਪ੍ਰੋਗਰਾਮ ਦੌਰਾਨ 'ਜ਼ੈਕਾਰਾ ਮੂਵਮੈਂਟ' ਵੱਲੋਂ ਹਾਜ਼ਰੀਨ ਨਾਲ ਆ-ਪਣੀਆਂ ਗਤੀਵਿਧੀਆਂ ਬਾਰੇ ਸਾਂਝ ਪਾਈ ਗਈ। ਇਸ ਤੋਂ ਇਲਾਵਾ ਬੱਚਿਆ ਲਈ ਹੌਸਲਾ ਅਫਜ਼ਾਈ ਕਰਦੇ ਹੋਏ ਬਹੁਤ ਸਾਰੇ ਰੈਂਫਲ ਡਰਾਅ ਵੀ ਕੱਢੇ ਗਏ।

ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਬਲਜੀਤ ਕੌਰ ਜੌਹਲ, ਕਰਮਵੀਰ ਸਿੰਘ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਪਰਮਵੀਰ ਸਿੰਘ, ਬਲਜੀਤ ਕੌਰ ਸਰ੍ਹਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ ਆਦਿਕ ਨੇ ਬਹੁਤ ਯੋਗਦਾਨ ਪਾਇਆ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਸਕੂਲ ਹਰ ਐਤਵਾਰ ਕਰਮਨ ਗੁਰੂਘਰ ਦੁਆਰਾ ਸਪੈਸ਼ਲ ਸਕੂਲ ਲਈ ਬਣਾਏ ਗਏ ਗਏ ਕਮਰਿਆ ਵਿੱਚ ਲਗਦਾ ਹੈ। ਜਿੱਥੇ ਬੱਚਿਆ ਨੂੰ ਪੰਜਾਬੀ, ਸਿੱਖ ਇਤਿਹਾਸ, ਗੁਰਬਾਣੀ ਕੀਰਤਨ ਅਤੇ ਸੱਭਿਆਚਾਰਕ ਸਿੱਖਿਆਂ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਬੱਚਿਆ ਨੂੰ ਸਕੂਲ ਵੱਲ ਪ੍ਰੇਰਿਤ ਕਰਨ ਲਈ ਅਮਰੀਕਨ ਸਕੂਲਾਂ ਵਾਂਗ ਦੇਖਣਯੋਗ ਥਾਵਾ ਦੀ ਯਾਤਰਾ (ਟੂਰ) ਵੀ ਕਰਵਾਈ ਜਾਂਦੀ ਹੈ। ਵੰਨ-ਸਵੰਨੇ ਖਾਣਿਆ ਦਾ ਲੱਗਾ ਸਟਾਲ ਵੀ ਸੱਭਿਆਚਾਰ ਦੇ ਨਾਲ-ਨਾਲ ਪੰਜਾਬੀ ਮਹਿਕ ਖਿਲਾਰ ਰਿਹਾ ਸੀ।

ਇੱਥੇ ਫਰੀ ਖਾਣਿਆ ਦਾ ਵੀ ਸਭ ਨੇ ਖੂਬ ਅਨੰਦ ਮਾਣਿਆ। ਫੋਟੋਗ੍ਰਾਫੀ ਅਤੇ ਵੀਡੀਉ ਸੇਵਾ ਓਅੰਕਾਰ ਸਟੂਡੀਓ ਫਰਿਜ਼ਨੋ ਵੱਲੋਂ ਕੀਤੀ ਗਈ। ਅਗਲੇ ਸਾਲ ਫਿਰ ਤੋਂ ਅਜਿਹਾ ਪ੍ਰੋਗਰਾਮ ਕਰਨ ਦਾ ਵਾਅਦਾ ਕਰਦੇ ਹੋਏ ਇਹ ਸੱਭਿਆਚਾਰਕ ਪ੍ਰੋਗਰਾਮ ਆਪਣੀਆ ਅਮਿੱਟ ਪੈੜਾ ਛੱਡ ਗਿਆ।

# ਸ਼ਹਿਰ ਨਾਰਵਿਚ, ਕਨੈਕਟੀਕਟ ’ਚ ਪੰਜਾਬੀ ਮਾਂ ਬੋਲੀ ਨੂੰ ਮਾਣ ਮਿਲਿਆ

## ਪੰਜਾਬ ਸਰਕਾਰ ਅੰਗਰੇਜ਼ੀ ਦੀ ਥਾਂ ਪੰਜਾਬੀ ਨੂੰ ਉਤਸ਼ਾਹਿਤ ਕਰੇ-ਖਾਲਸਾ

**ਕਨੈਕਟੀਕਟ (ਹੁਸਨ ਲੜੋਆ ਬੰਗਾ)–** ਬੀਤੇ ਦਿਨੀਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੈਨਿੰਗ ਬੋਰਡ ਕਨੈਕਟੀਕਟ ਨੇ ਸ਼ਹਿਰ ਨਾਰਵਿਚ ਵਿਚ ਪੰਜਾਬੀ ਮਾਂ ਬੋਲੀ ਨੂੰ ਮਾਣ ਦਿਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਸੀ। ਉਹਨਾਂ ਨੇ ਸਿਟੀ ਕੌ ਦੇ ਮੇਅਰ ਡੈਬਹਿੰਚੇ, ਸਿਟੀ ਕੌਂਸਲ ਦੇ ਮੈਂਬਰ ਐਚ. ਟਰਕਰ ਅਤੇ ਬਰੈਡਡਾਕ ਦਾ ਖਾਸ ਧੰਨਵਾਦ ਕੀਤਾ, ਜਿਹਨਾਂ ਨੇ ਉਹਨਾਂ ਦਾ ਸਾਥ ਦਿੱਤਾ। ਉਹਨਾ ਹੋਰ ਵੀ ਸ਼ਹਿਰ ਦੇ ਪਤਵੰਤੇ ਸੱਜਣਾਂ ਤੇ ਬਾਕੀ ਸਿਟੀ ਕੌਂਸਲ ਦੇ ਮੈਂਬਰਾਂ, ਜਿਹਨਾਂ ਵਿਚ ਪੀਟਰ ਏ ਨਾਈਸਸਟਰੋਮ ਪ੍ਰੈਜ਼ੀਡੈਂਟ ਪਰੋ ਟੈਪੋਰ, ਸਟੈਂਸੀ ਗੋਲਡ, ਜਰਏਡ ਮਾਰਟਿਨ ਅਤੇ ਵਿਲੀਅਮ ਨੈਸ਼, ਜਾਇਨੀ ਫਿਲ ਬਰਿਕ ਦਾ ਖਾਸ ਧੰਨਵਾਦ ਕੀਤਾ, ਜਿਹਨਾਂ ਨੇ ਇਸ ਮਹਾਨ ਕਾਰਜ ਵਿਚ ਭੂਮਿਕਾ ਨਿਭਾਈ। ਸ. ਸਵਰਨਜੀਤ ਸਿੰਘ ਖਾਲਸਾ ਨੇ ਦੰਸਿਆ ਕਿ ਸਿਟੀ ਨਾਰਵਿਚ ਵਿਚ ਮੁੱਖ ਮਾਰਗ ’ਤੇ ਜੀ ਆਇਆਂ ਦੇ ਬੋਰਡ ਲਗਵਾਏ ਗਏ ਹਨ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸਟਰੀਟ ਦਾ ਨਾਮ ਪੰਜਾਬੀ ਵਿਚ ਕਰਵਾਏ ਜਾਣਗੇ। ਇਹ ਸਾਈਨ ਸ. ਖਾਲਸਾ ਵੱਲੋਂ ਆਪ ਡਿਜ਼ਾਇਨ ਕੀਤਾ ਗਿਆ, ਜਿਸ ਵਿਚ ਉਹਨਾਂ ਨੇ ਸਿੱਖੀ ਤੇ ਪੰਜਾਬੀ ਵਿਰਸੇ ਦੀਆਂ ਮਹਾਨ ਕਦਰਾਂ-ਕੀਮਤਾਂ ਨੂੰ ਮੁੱਖ ਰੱਖਦਿਆਂ ਪੰਜਾਬੀ ਭਾਸ਼ਾ ਦੇ ਨਾਲ ਬਾਕੀ ਭਾਸ਼ਾਵਾਂ ਸਪੈਨਿਸ਼, ਫਾਰਸੀ, ਜਰਮਨ, ਅਰਬਿਕ, ਜਰਮਨ, ਇਟਾਲੀਅਨ ਭਾਸ਼ਾਵਾਂ ਅਦਿ ਵੀ ਲਿਖਵਾਈਆਂ ਤਾਂ ਜੋ ਵਿਸ਼ਵ ਭਾਈਚਾਰੇ ਨੂੰ ਕਾਇਮ ਰੱਖਣ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਸਾਰੀ ਮਨੁੱਖਤਾ ਨੂੰ ਪਹੁੰਚਾਇਆ ਜਾ ਸਕੇ। ਇਸ ਸਾਈਨ ਨੂੰ ਡਿਜ਼ਾਇਨ ਕਰਦੇ ਸਮੇ ਪਾਕਿਸਤਾਨ ਨਾਲ ਸਬੰਧ ਰੱਖਦੇ ਵੀਰ ਆਸਿਫ ਨੇ ਅਰਬੀ ਫੌਂਟ ਤਿਆਰ ਕੀਤਾ ਤੇ ਚਾਈਨਾ ਨਾਲ ਸਬੰਧਤ ਹਿਲ ਹਾਵੇ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ। ਸ. ਖਾਲਸਾ ਨੇ ਕਿਹ







ਕਿ ਸਿੱਖ ਅਮਰੀਕਾ ਦਾ ਅਹਿਮ ਅੰਗ ਹਨ ਤੇ ਇਹੋ ਜਿਹੇ ਉਪਰਾਲੇ ਬਾਕੀ ਸ਼ਹਿਰੀਆਂ ਤੇ ਧਰਮਾਂ ਨੂੰ ਸਿੱਖ ਕੌਮ ਦੀ ਪਛਾਣ ਜਾਣੂ ਕਰਵਾਉਣ ਲਈ ਕੀਤੇ ਗਏ ਹਨ। ਜਿਹੜੇ ਸਾਈਨ ਬੋਰਡ ਲਗਾਏ ਗਏ, ਉਹਨਾਂ ਵਿਚ ਪੰਜਾਬੀ ਸਿੱਖਾਂ ਤੇ ਸਮੂਹ ਪੰਜਾਬੀਆਂ ਦੀ ਨੈਸ਼ਨਲ ਭਾਸ਼ਾ ਤੇ ਸਿੱਖਾਂ ਬਾਰੇ ਵੈਬਸਾਈਟ ਸਿੱਖਡਾਟਔਰਗ ਲਿਖੀ ਗਈ ਹੈ ਤਾਂ ਜੋ ਕੋਈ ਉਸ ਤੋਂ ਸਿੱਖਾਂ ਬਾਰੇ ਜਾਣਕਾਰੀ ਹਾਸਲ ਕਰ ਸਕੇ।

ਸਿਟੀ ਆਫ ਨਾਰਵਿਚ ਵਿਚ ਲੋਕ ਹਿਤ ਤੇ ਸਰਬੱਤ ਦੇ ਭਲੇ ਲਈ ਨਿਭਾਈਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸ. ਖਾਲਸਾ ਨੂੰ ਮੇਅਰ, ਸਿਟੀ ਕੌਂਸਲ ਦੇ ਮੈਂਬਰਾਂ ਤੇ ਉਥੋਂ ਦੇ ਵਸ-ਨੀਕਾਂ ਨੇ ਸਿਟੀ ਕੌਂਸਲ ਦੀ ਚੋਣ ਵਿਚ ਭਾਗ ਲੈਣ ਲਈ ਸਰਗਰਮ ਹੋਣ ਲਈ ਅਪੀਲ ਕੀਤੀ। ਸ. ਖਾਲਸਾ ਨੇ ਦੰਸਿਆ ਕਿ ਕਰੋੜਾਂ ਲੋਕ ਪੰਜਾਬੀ ਪੂਰੇ ਵਿਸ਼ਵ ਵਿਚ ਬੋਲਦੇ ਹਨ ਪਰ ਇਹ ਸਾਡਾ ਵੱਡਾ ਦੁਖਾਂਤ ਹੈ ਕਿ ਅਫਸਰਸ਼ਾਹੀ ਇਸ ਵੱਲ ਧਿਆਨ ਦੇਣ ਦੀ ਅੰਗਰੇਜ਼ੀ ਨੂੰ ਜ਼ਿਆਦਾ ਉਤਸ਼ਾਹਿਤ ਕਰ ਰਹੀ ਹੈ। ਉਹਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸਖਤੀ ਨਾਲ ਹਰੇਕ ਸਰਕਾਰੀ ਅਦਾਰੇ ਅਫਸਰਸ਼ਾਹੀ ਵਿਚ ਪੰਜਾਬੀ ਭਾਸ਼ਾ ਲਾਗੂ ਕਰਾਉਣ।

# ਸੂਰਜੀ ਊਰਜਾ ਨਾਲ ਤਿਆਰ ਹੋਵੇਗਾ ਹਰਿਮੰਦਰ ਸਾਹਿਬ ਵਿਖੇ ਲੰਗਰ

**ਅੰਮ੍ਰਿਤਸਰ (ਬਿਊਰੋ)–** ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਹੁਣ ਸੂਰਜੀ ਊਰਜਾ ਨਾਲ ਪੈਦਾ ਕੀਤੀ ਭਾਫ਼ ਰਾਹੀਂ ਲੰਗਰ ਤਿਆਰ ਕਰਨ ਦੀ ਯੋਜਨਾ ਹੈ। ਇਸ ਨਾਲ ਨਾ ਸਿਰਫ਼ ਪ੍ਰਦੂਸ਼ਣ ਘਟੇਗਾ, ਸਗੋਂ ਗੈਸ ਸਿਲੰਡਰਾਂ ਦੀ ਵਰਤੋਂ ਵੀ ਘਟੇਗੀ।



ਪੇਡਾ ਦੇ ਡਾਇਰੈਕਟਰ ਬਲੌਰ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਟੀਮ ਨੇ ਅੱਜ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ’ਤੇ ਸੋਲਰ ਊਰਜਾ ਪਲਾਂਟ ਲਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਮੇਟੀ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਇਸ ਪਲਾਂਟ ’ਤੇ ਲਗਪਗ ਡੇਢ ਕਰੋੜ ਰੁਪਏ ਖਰਚ ਆਵੇਗਾ। ਇਸ ਪ੍ਰਣਾਲੀ ਦੀ ਵਰਤੋਂ ਨਾਲ ਰੋਜ਼ਾਨਾ 55 ਗੈਸ ਸਿਲੰਡਰਾਂ ਦੀ ਬਚਤ ਹੋਵੇਗੀ ਅਤੇ ਪ੍ਰਦੂਸ਼ਣ ਵਿੱਚ ਵੀ ਕਮੀ ਆਵੇਗੀ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ, ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਤੇ ਹੋਰ ਸ਼ਾਮਲ ਸਨ।

ਪੇਡਾ ਡਾਇਰੈਕਟਰ ਬਲੌਰ ਸਿੰਘ ਨੇ ਸੋਲਰ ਊਰਜਾ ਸਿਸਟਮ ਲਾਉਣ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸਮੁੱਚੀ ਜਾਣਕਾਰੀ ਦਿੱਤੀ। ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਅਤੇ ਪੇਡਾ ਦੇ ਸਾਬਕਾ ਚੇਅਰਮੈਨ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਜਲਦੀ ਸੋਲਰ ਊਰਜਾ ਸਿਸਟਮ ਸਥਾਪਤ ਕੀਤਾ ਜਾਵੇਗਾ, ਜਿਸ ਰਾਹੀਂ ਪੈਦਾ ਹੋਈ ਭਾਫ ਨਾਲ ਲੰਗਰ ਤਿਆਰ ਹੋਵੇਗਾ। ਇਸ ਤੋਂ ਪਹਿਲਾਂ ਇੱਥੇ ਲੱਕੜ ਅਤੇ ਐਲਪੀਜੀ ਗੈਸ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਇਹ ਪਲਾਂਟ ਲੱਗਣ ਤੋਂ ਬਾਅਦ ਘਟ ਜਾਵੇਗੀ ਤੇ ਪ੍ਰਦੂਸ਼ਣ ਵੀ ਘਟੇਗਾ। ਉਨ੍ਹਾਂ ਦੱਸਿਆ ਕਿ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਇਸ ਪਲਾਂਟ ਦੀ ਸੇਵਾ ਐਨਪਾਰ ਗਰੁੱਪ ਮੁੰਬਈ ਵੱਲੋਂ ਪੇਡਾ ਰਾਹੀਂ ਕੀਤੀ ਜਾਵੇਗੀ। ਨਵੀਂ ਪ੍ਰਣਾਲੀ ਸ਼ੁਰੂ ਹੋਣ ਨਾਲ ਲੰਗਰ ਤਿਆਰ ਕਰਨ ਲਈ ਪਹਿਲਾਂ ਨਾਲੋਂ ਘੱਟ ਸਮਾਂ ਲੱਗੇਗਾ। ਬੱਦਲਵਾਈ, ਧੁੰਦ ਆਦਿ ਹੋਣ ’ਤੇ ਭਾਫ ਸੂਰਜੀ ਊਰਜਾ ਪਲਾਂਟ ਦੀ ਥਾਂ ਐਲਪੀਜੀ ਗੈਸ ਅਤੇ ਤੇਲ ਦੀ ਵਰਤੋਂ ਨਾਲ ਤਿਆਰ ਹੋਵੇਗੀ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਵਿੱਚ ਅਜਿਹਾ ਪਲਾਂਟ ਸਥਾਪਤ ਕੀਤਾ ਜਾ ਚੁੱਕਾ ਹੈ, ਜਿਸ ਵਿੱਚ ਬਾਲਣ ਦੀ ਵਰਤੋਂ ਨਾਲ ਭਾਫ਼ ਤਿਆਰ ਕੀਤੀ ਜਾਂਦੀ ਹੈ ਅਤੇ ਮਗਰੋਂ ਭਾਫ ਨਾਲ ਲੰਗਰ ਤਿਆਰ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਪਹਿਲਾਂ ਸੂਰਜੀ ਊਰਜਾ ਰਾਹੀਂ ਲੰਗਰ ਘਰ ਵਾਸਤੇ ਪਾਣੀ ਗਰਮ ਕਰਨ ਦਾ ਪਲਾਂਟ ਅਤੇ ਪੰਜ ਕਿਲੋਵਾਟ ਸੂਰਜੀ ਬਿਜਲੀ ਪਲਾਂਟ ਲੱਗਿਆ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੇਡਾ ਅਧਿਕਾਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਲੋਈ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਪਰਵਾਸੀ ਪੰਜਾਬੀ ਸਾਹਿਤ ਸੰਮੇਲਨ ਦੀ ਤਿਆਰੀ ਸਬੰਧੀ ਮੀਟਿੰਗ

**ਸਟਾਕਟਨ (ਬਿਊਰੋ)–** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਸਮੂਹ ਮੈਂਬਰਾਂ ਦੀ ਇੱਕ ਮੀਟਿੰਗ 2 ਜੁਲਾਈ ਦਿੱਨ ਐਤਵਾਰ ਨੂੰ ਸ਼ਾਮ 3.00 ਵਜੇ ‘ਸੇਵਾ ਸਦਨ’ ਹਾਲ; 17910- ਮਰਫੀ ਪਾਰਕ ਵੇਅ, ਲੈਥਰੋਪ ਸੀ.ਏ. 95330. ਵਿਖੇ ਉਚੇਚੇ ਤੌਰ ਤੇ ਸੱਦੀ ਜਾ ਰਹੀ ਹੈ। ਇਸ ਦਾ ਮੁੱਖ ਮੰਤਵ 20 ਅਗੱਸਤ 2017 ਨੂੰ ਸਟਾਕਟਨ ਵਿੱਚ ਕੀਤੇ ਜਾ ਰਹੇ ਪਰਵਾਸੀ ਪੰਜਾਬੀ ਸਾਹਿਤ ਸੰਮੇਲਨ ਦੀਆਂ ਪ੍ਰਬੰਧਕੀ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨਾ ਹੋਵੇਗਾ। ਇਹ ਸੰਮੇਲਨ ਕੈਲੇਫੋਰਨੀਆਂ ਦੀਆਂ ਤਿੰਨ ਸਾਹਿਤਕ ਜਥੇਬੰਦੀਆਂ ‘ਪੰਜਾਬੀ ਸਾਹਿਤ ਸਭਾ ਸਟਾਕਟਨ’, ‘ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ)’ ਅਤੇ ‘ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ’, ਦੇ ਸਾਝੇਂ ਉਦਮਾਂ ਸਦਕਾ ਉਲੀਕਿਆ ਗਿਆ ਹੈ। ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਸਮੂਹ ਮੈਂਬਰਾਂ ਅਤੇ ਇਸ ਨਾਲ ਜੁੜੇ ਸਾਹਿਤ ਪ੍ਰੇਮੀਆਂ ਨੂੰ ਇਹ ਸੱਦਾ ਪੱਤਰ ਕਬੂਲਦੇ ਹੋਏ ਮਟਿੰਗ ਵਿੱਚ ਸ਼ਾਮਲ ਹੋਣ, ਆਪਣੇ ਕੀਮਤੀ ਸੁਝਾ ਸਾਂਝੇ ਕਰਨ ਅਤੇ ਸਮੇਂ ਸਿਰ ਪਹੁਚਣ ਲਈ ਸੁਨਿਮਰ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ ( 209- 610-5055) ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਵਲੋਂ: ਸਮੂਹ ਕਾਰਜਕਾਰੀ ਕਮੇਟੀ ਪੰਜਾਬੀ ਸਾਹਿਤ ਸਭਾ ਸਟਾਕਟਨ**
**(ਫੋਨ: 209-610- 5055)**

# ਉੱਘੇ ਸਮਾਜਸੇਵੀ ਪੰਮਾ ਸੈਦੋਕੇ ਨੂੰ ਸਦਮਾ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ)–** ਫਰਿਜਨੋ ਨਿਵਾਸੀ ਉੱਘੇ ਸਮਾਜ ਸੇਵੀ ਪੰਮਾ ਸੈਦੋਕੇ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦੇ ਪੂਜਨੀਕ ਮਾਤਾ ਸੁਰਜੀਤ ਕੌਰ ਧਾਲੀਵਾਲ (80) ਉਹਨਾਂ ਦੇ ਜੱਦੀ ਪਿੰਡ ਸੈਦੋਕੇ ਜਿਲ੍ਹਾ ਮੋਗਾ ਵਿੱਚ ਅਚਾਨਕ ਅਕਾਲ ਚਲਾਣਾ ਕਰ ਗਏ ਸਨ। ਮਾਤਾ ਜੀ ਨਮਿਤ ਰੱਖੇ ਸਹਿਜ ਪਾਠ ਦਾ ਭੋਗ 2 ਜੁਲਾਈ ਦਿਨ ਐਂਤਵਾਰ ਨੂੰ ਪਿੰਡ ਸੈਦੋਕੇ ਵਿਖੇ ਪਾਇਆ ਜਾਵੇਗਾ। ਤਕਰੀਬਨ ਪੰਜ ਸਾਲ ਪਹਿਲਾਂ ਪੰਮੇ ਦੇ ਸਤਿਕਾਰਯੋਗ ਪਿਤਾ ਸ. ਕਰਤਾਰ ਸਿੰਘ ਧਾਲੀਵਾਲ ਵੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਪੰਮੇ ਨੇ ਭਰੇ ਮਨ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਂ-ਬਾਪ ਦੀ ਪ੍ਰੇਰਨਾ ਸਦਕਾ ਉਹਨਾਂ ਤਕਰੀਬਨ 200 ਦੇ ਕਰੀਬ ਗਰੀਬ ਕੁੜੀਆਂ ਦੇ ਵਿਆਹ ਆਪਣੇ ਹੱਥੀ ਪੰਜਾਬ ਅੰਦਰ ਕੀਤੇ ਤੇ ਤਕਰੀਬਨ 25-30 ਲੋੜਵੰਦ ਕੁੜੀਆਂ ਦੇ ਹੱਥ ਪੀਲੇ ਫਰਿਜਨੋ ਵਿਖੇ ਆਪਣੇ ਘਰੇ ਰੱਖਕੇ ਕੀਤੇ। ਉਹਨਾਂ ਕਿਹਾ ਕਿ ਜੋ ਵੀ ਮੇਰਾ ਨਾਮ ਭਾਈਚਾਰੇ ਵਿੱਚ ਹੈ ਇਹਦੇ ਪਿੱਛੇ ਮੇਰੇ ਮਾਂ ਬਾਪ ਦਾ ਬਹੁਤ ਵੱਡਾ ਹੱਥ ਹੈ।



ਪੰਮਾ ਸੈਦੋਕੇ ਨੇ ਇਸ ਦੁਖ ਦੀ ਘੜੀ ਵਿੱਚ ਸਾਥ ਦੇਣ ਵਾਲੇ ਸਮੂਹ ਸੱਜਣਾ ਜਿਨ੍ਹਾਂ ਵਿੱਚ ਜਗਰੂਪ ਸਿੰਘ ਸੈਦੋਕੇ, ਡਾ. ਕੇਵਲ ਕ੍ਰਿਸ਼ਨ ਗਰਨ, ਸਰਪੰਚ ਰਣਧੀਰ ਸਿੰਘ, ਪ੍ਰੋ. ਜਗਜੀਤ ਸਿੰਘ ਪੰਨੂੰ, ਭਰਪੂਰ ਸਿੰਘ ਸਾਹੋਕੇ, ਜਸਵੀਰ ਜੱਸੀ, ਸੁੱਚਾ ਸਿੰਘ ਲਾਲੀ ਅਤੇ ਜਤਿੰਦਰ ਸਿੰਘ ਆਦਿ ਦਾ ਧੰਨਵਾਦ ਕੀਤਾ। ਦੁਖ ਸਾਝਾ ਕਰਨ ਲਈ ਸੰਪਰਕ- ਪੰਮਾ ਸੈਦੋਕੇ (559) 217-2521.

# ਉੱਘੇ ਗਾਇਕ ਸੂਫ਼ੀ ਬਲਬੀਰ ਦੀ ਪੁਸਤਕ “ਨਿੱਕਾ ਜਿਹਾ ਕੰਮ" ਫਰਿਜਨੋ ਵਿਖੇ ਲੋਕ ਅਰਪਿਤ



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਇਹ ਸ਼ਾਇਦ ਪੰਜਾਬੀ ਸਹਿਤ ਵਿੱਚ ਪਹਿਲੀ ਵਾਰ ਹੋਇਆ ਹੋਵੇ ਕਿ ਕਿਸੇ ਗਾਇਕ ਨੇ ਪੁਸਤਕ ਲਿੱਖਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈ ਹੋਏ। ਲੋਕ ਗਾਇਕ ਸੂਫ਼ੀ ਬਲਬੀਰ ਨੇ ਆਪਣੇ ਗੀਤਾਂ ਰਾਹੀਂ ਉਹ ਅਣਛੋਹੇ ਵਿਸ਼ੇ ਛੋਏ ਹਨ, ਜਿਨ੍ਹਾਂ ਵੱਲ ਅੱਜ ਤੱਕ ਕਿਸੇ ਲੇਖਕ ਜਾਂ ਗਾਇਕ ਦਾ ਧਿਆਨ ਹੀ ਨਹੀਂ ਗਿਆ। ਉਹਨਾਂ ਦੇ ਲਿਖੇ ਤੇ ਗਾਏ ਗੀਤ "ਚੌਕੀਦਾਰ" ਅਤੇ "ਵਣਜਾਰਾ" ਬਹੁਤ ਮਕਬੂਲ ਹੋਏ ਸਨ।

ਪਿਛਲੇ ਦਿਨੀਂ ਸੂਫ਼ੀ ਬਲਬੀਰ ਫਰਿਜਨੋ ਵਿੱਖੇ ਆਏ, ਜਿਥੇ ਉਹਨਾਂ ਨੇ ਪੰਜਾਬੀ ਮਾਂ ਬੋਲੀ ਦੇ ਵਿਹੜੇ ਇੱਕ ਹੋਰ ਮੀਲ ਪੱਥਰ ਗੱਡਦਿਆਂ ਆਪਣੀ ਸ਼ਾਇਰੋ ਸ਼ਾਇਰੀ ਦੀ ਪੁਸਤਕ "ਨਿੱਕਾ ਜਿਹਾ ਕੰਮ" ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਖੇ ਇੱਕ ਸਾਦੇ ਸਮਾਗਮ ਦੌਰਾਂਨ ਲੋਕ ਅਰਪਿਤ ਕੀਤੀ। ਇਸ ਮੌਕੇ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਸੂਫ਼ੀ ਨੂੰ ਇੱਕ ਨਵੇਕਲਾ ਸ਼ਾਇਰ ਗਰਦਾਨਿਆਂ ਅਤੇ ਉਹਨਾਂ ਇੱਕ ਸ਼ੇਅਰ ਨਾਲ ਹਾਜਰੀ ਲਵਾਈ। ਹੋਰਨਾਂ ਤੋਂ ਇਲਾਵਾ ਗੈਰੀ ਢੇਸੀ, ਡਾਕਟਰ ਅਰਜਨ ਸਿੰਘ ਜੋਸ਼ਨ, ਸ਼ਾਇਰ ਦਲਜੀਤ ਰਿਆੜ, ਰਾਜ ਬਰਾੜ ਆਦਿ ਨੇ ਬਲਵੀਰ ਸੂਫ਼ੀ ਨੂੰ ਮੁਬਾਰਕਬਾਦ ਦਿੱਤੀ ਅਤੇ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ।

ਇਸ ਸਮਾਗਮ ਵਿੱਚ ਫਰਿਜਨੋ ਏਰੀਏ ਦੀਆਂ ਸਿਰ-ਕੱਢ ਹਸਤੀਆਂ ਨੇ ਸ਼ਿਰਕਤ ਕੀਤੀ।

# ਭਾਰਤੀ ਫ਼ੌਜ ਨੇ ਸਿੱਕਿਮ ’ਚ ਚੀਨੀ ਸਰਹੱਦ ਲੰਘੀ: ਚੀਨ ਦਾ ਦੋਸ਼

**ਪੇਇਚਿੰਗ–** ਚੀਨ ਨੇ ਭਾਰਤੀ ਫੌਜੀ ਦਸਤਿਆਂ ’ਤੇ ਸਿੱਕਿਮ ਵਿੱਚ ਸਰਹੱਦ ਉਲੰਘ ਕੇ ਉਸ ਦੇ ਖੇਤਰ ਵਿੱਚ ਦਾਖ਼ਲ ਹੋਣ ਦਾ ਦੋਸ਼ ਲਾਉਂਦਿਆਂ ਭਾਰਤੀ ਫ਼ੌਜਾਂ ਨੂੰ ਉਥੋਂ ਫ਼ੌਰੀ ਵਾਪਸ ਸੱਦਣ ਦੀ ਮੰਗ ਕੀਤੀ ਹੈ। ਚੀਨ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਨੇ ਸਰਹੱਦ ’ਤੇ ਜਾਰੀ ਤਣਾਅ ਕਰਕੇ ਹੀ ਕੈਲਾਸ਼ ਮਾਨਸਰੋਵਰ ਦੀ ਯਾਤਰਾ ’ਤੇ ਨਿਕਲੇ ਭਾਰਤੀ ਸ਼ਰਧਾਲੂਆਂ ਲਈ ਨਾਥੂ ਲਾ ਦੱਰੇ ਤੋਂ ਦਾਖ਼ਲਾ ਬੰਦ ਕੀਤਾ ਹੈ। ਚੀਨ ਨੇ ਇਹ ਵੀ ਕਿਹਾ ਹੈ ਕਿ ਉਸ ਨੇ ਸਰਹੱਦੀ ਉਲੰਘਣਾ ਸਬੰਧੀ ਭਾਰਤ ਕੋਲ ਆਪਣਾ ਸਫ਼ਾਰਤੀ ਵਿਰੋਧ ਦਿੱਲੀ ਤੇ ਪੇਇਚਿੰਗ ਦੋਵਾਂ ਥਾਵਾਂ ’ਤੇ ਦਰਜ ਕਰਵਾ ਦਿੱਤਾ ਹੈ।

ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਪੱਤਰਕਾਰਾਂ ਨਾਲ ਸੰਖੇਪ ਮਿਲਣੀ ਦੌਰਾਨ ਕਿਹਾ,’ਅਸੀਂ ਪੇਇਚਿੰਗ ਤੇ ਨਵੀਂ ਦਿੱਲੀ ਦੋਵਾਂ ਥਾਵਾਂ ’ਤੇ ਆਪਣਾ ਰਸਮੀ ਰੋਸ ਦਰਜ ਕਰਾ ਦਿੱਤਾ ਹੈ। ਪ੍ਰਦੇਸ਼ਕ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਅਸੀਂ ਆਪਣੇ ਸਟੈਂਡ ’ਤੇ ਦ੍ਰਿੜ੍ਹ ਸੰਕਲਪ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਵੀ ਚੀਨ ਨਾਲ ਉਸੇ ਰਾਹ ’ਤੇ ਤੁਰਦਿਆਂ ਸਰਹੱਦ ਉਲੰਘ ਕੇ ਚੀਨੀ ਖੇਤਰ ਵਿੱਚ ਦਾਖ਼ਲ ਹੋਏ ਆਪਣੇ ਫ਼ੌਜੀਆਂ ਨੂੰ ਫ਼ੌਰੀ ਉਥੋਂ ਵਾਪਸ ਸੱਦੇਗਾ।’ ਕੈਲਾਸ਼ ਤੇ ਮਾਨਸਰੋਵਰ ਵੱਲ ਵੱਧ ਰਹੇ ਸ਼ਰਧਾਲੂਆਂ, ਜਿਨ੍ਹਾਂ ਨੂੰ ਚੀਨ ਨੇ ਤਿੱਬਤ ਵਿੱਚ ਦਾਖ਼ਲ ਹੋਣ ਤੋਂ ਰੋਕਦਿਆਂ ਗੰਗਟੋਕ ਮੋੜ ਦਿੱਤਾ ਸੀ, ਬਾਰੇ ਲੂ ਨੇ ਕਿਹਾ ਕਿ ਉਨ੍ਹਾਂ ਦੀ ਫੇਰੀ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਗਈ ਹੈ। ਲੂ ਨੇ ਕਿਹਾ,’ਚੀਨ ਨਾਥੂ ਲਾ ਦੱਰੇ ਰਾਹੀਂ ਤਿੱਬਤ ਵਿੱਚ ਦਾਖ਼ਲ ਹੋਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਚੀਨ ਲੰਮੇ ਸਮੇਂ ਤੋਂ ਯਤਨ ਕਰਦਾ ਰਿਹਾ ਹੈ।

ਦੇਸ਼ ਦੁਆਬਾ

# ‘ਲਾਲਚ ਬੁਰੀ ਬਲਾ ਹੈ’

ਬਚਪਨ ਤੋਂ ਹੀ ਛੋਟੀਆਂ ਕਲਾਸਾਂ ਦੇ ਸਿਲੇਬਸ ਵਿਚ ਇਹ ਗੱਲ ਕਈ ਕਹਾਣੀਆਂ ਦੇ ਰੂਪ ਵਿਚ ਸਮਝਾਈ ਜਾਂਦੀ ਹੈ ਕਿ ਲਾਲਚ ਬਹੁਤ ਬੁਰੀ ਬਲਾ ਹੈ, ਲਾਲਚ ਕਰਨ ਨਾਲ ਬੰਦਾ ਨੁਕਸਾਨ ਉਠਾਉਂਦਾ ਹੈ। ‘ਲਾਲਚ ਮਨੁੱਖੀ ਮਨ ਦੀ ਇਕ ਅਜਿਹੀ ਕਮਜ਼ੋਰ ਅਵਸਥਾ ਹੈ, ਜਿਸ ਵਿਚ ਵਿਅਕਤੀ ਬਿਨਾਂ ਕਿਸੇ ਨਫੇ-ਨੁਕਸਾਨ ਦੇ ਸਿਰਫ ਤੇ ਸਿਰਫ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਲਈ ਪਸ਼ੂਆਂ ਵਾਂਗ ਝਪਟਦਾ ਹੈ, ਅੰਨ੍ਹੇਵਾਹ ਦੌੜਦਾ ਹੈ ਅਤੇ ਬੁਰੀ ਤਰ੍ਹਾਂ ਡਿੱਗ ਵੀ ਜਾਂਦਾ ਹੈ।’ ਪੰਜਾਬੀ ਹੀ ਨਹੀਂ ਦੁਨੀਆਂ ਭਰ ਦਆਂ ਭਾਸ਼ਾਵਾਂ ਵਿਚ ਰਚੇ ਗਏ ਸਾਹਿਤ ਵਿਚ ਲਾਲਚ ਨੂੰ ਬਹੁਤ ਚੰਗੀ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ ਪਰ ਮਨੁੱਖੀ ਮਨ ਦੀ ਇਹ ਕਮਜ਼ੋਰੀ ਸਿੱਖਿਆ ਦੇ ਬਾਵਜੂਦ ਮਨੁੱਖ ਦਾ ਖਹਿੜਾ ਨਹੀਂ ਛੱਡਦੀ। ਅਜਿਹੇ ਹੀ ਲਾਲਚ ਦੀ ਇਕ ਹੋਰ ਜਿਉਂਦੀ-ਜਾਗਦੀ ਮਿਸਾਲ ਹਾਲ ਹੀ ਵਿਚ ਪਾਕਿਸਤਾਨ ’ਚ ਦੇਖਣ ਨੂੰ ਮਿਲੀ ਹੈ। ਲਾਹੌਰ ਤੋਂ 400 ਕਿਲੋਮੀਟਰ ਦੂਰ ਬਹਾਵਲਪੁਰ ਜ਼ਿਲ੍ਹੇ ਦੇ ਅਹਿਮਦਪੁਰ ਸਰਕੀਆ ਇਲਾਕੇ ਵਿਚ ਪਹੀਆ ਫਟਣ ਕਾਰਨ ਇਕ ਤੇਲ ਲਿਜਾ ਰਿਹਾ ਟੈਂਕਰ ਪਲਟ ਗਿਆ। ਉਸ ਵਿਚੋਂ ਤੇਲ ਰਿਸ ਕੇ ਧਰਤੀ ਤੇ ਡਿੱਗਣ ਲੱਗ ਪਿਆ।

ਉਸ ਇਲਾਕੇ ਵਿਚ ਵੱਸੇ ਪਿੰਡ ਦੇ ਲੋਕਾਂ ਨੂੰ ਜਦੋਂ ਤੇਲ ਟੈਂਕਰ ਦੇ ਪਲਟਣ ਦੀ ਖਬਰ ਮਿਲੀ ਤਾਂ ਬਾਲਟੀਆਂ, ਤਸਲੇ, ਪਲਾਸਟਿਕ ਦੀਆਂ ਬੋਤਲਾਂ ਯਾਨਿ ਜੋ ਵੀ ਕਿਸੇ ਨੂੰ ਮਿਲਿਆ, ਲੈ ਕੇ ਤੇਲ ਇਕੱਠਾ ਕਰਕੇ ਆਪਣੇ ਘਰ ਲਿਜਾਣ ਲਈ ਪਹੁੰਚ ਗਏ। ਦੇਖਦੇ ਹੀ ਦੇਖਦੇ ਟੈਂਕਰ ਦੇ ਦੁਆਲੇ ਲੋਕਾਂ ਦਾ ਵੱਡਾ ਝੁਰਮਟ ਹੋ ਗਿਆ ਅਤੇ ਆਪੋ-ਧਾਪੀ ਪੈ ਗਈ। ਪਰ ਟੈਂਕਰ ਵਿਚਲਾ ਇਹ ਤੇਲ ਪੈਟਰੋਲ ਸੀ ਅਤੇ ਬਹੁਤ ਜਲਦੀ ਅੱਗ ਪਕੜਨ ਵਾਲਾ ਸੀ। ਅਚਾਨਕ ਹੀ ਇਸ ਥਾਂ ਤੇ ਅੱਗ ਲੱਗ ਗਈ, ਜਿਸ ਕਾਰਨ ਇਕ ਵੱਡਾ ਭਾਂਬੜ ਮੱਚਿਆ ਅਤੇ ਦੇਖਦੇ ਹੀ ਦੇਖਦੇ 150 ਤੋਂ ਜ਼ਿਆਦਾ ਲੋਕੀ ਝੁਲਸ ਗਏ। ਇਸ ਹਾਦਸੇ ਵਿਚ 160 ਤੋਂ ਜ਼ਿਆਦਾ ਲੋਕੀ ਮਾਰੇ ਜਾਣ ਦਾ ਸਮਾਚਾਰ ਹੈ। ਬਹੁਤਿਆਂ ਦੀਆਂ ਲਾਸ਼ਾਂ ਇੰਨੀਆਂ ਝੁਲਸ ਗਈਆਂ ਕਿ ਉਹਨਾਂ ਦੀ ਪਛਾਣ ਨਹੀਂ ਹੋ ਰਹੀ। ਹੁਣ ਡੀ. ਐਨ. ਏ. ਟੈਸਟ ਨਾਲ ਇਹਨਾਂ ਦੀ ਪਛਾਣ ਕੀਤੀ ਜਾਵੇਗੀ।

ਤੇਲ, ਗੈਸ, ਕਈ ਕਿਸਮ ਦੇ ਕੈਮੀਕਲ ਅੱਗ ਨੂੰ ਬਹੁਤ ਜਲਦੀ ਪਕੜਦੇ ਹਨ, ਇਹ ਗੱਲ ਦੁਨੀਆਂ ਦੇ ਬਹੁਗਿਣਤੀ ਲੋਕਾਂ ਨੂੰ ਪਤਾ ਹੈ। ਇਹ ਆਮ ਜਿਹੀ ਹੀ ਕਹਾਵਤ ਨਹੀਂ ਬਲਕਿ ਅਸੀਂ ਹਰ ਰੋਜ਼ ਤੇਲ ਅਤੇ ਗੈਸ ਦੀ ਬਲਣਸ਼ੀਲਤਾ ਨੂੰ ਪਰਖਦੇ ਹਨ। ਰਸੋਈ ਵਿਚ ਗੈਸ ਦੀ ਬਲਣਸ਼ੀਲਤਾ ਦੇਖਦੇ ਹਾਂ, ਵਹੀਕਲ ਵਿਚ ਤੇਲ ਦੀ, ਇਸ ਦੇ ਬਾਵਜੂਦ ਇੰਨੀ ਵੱਡੀ ਬੇਵਕੂਫੀ ਕਰੀਏ ਕਿ ਖੁੱਲ੍ਹੇ ਵਿਚ ਪਏ ਤੇਲ ਦੀ ਬਲਣਸ਼ੀਲਤਾ ਦਾ ਖੌਫ ਖਾਣ ਦੀ ਬਜਾਏ ਇਸ ਨੂੰ ਬਟੋਰਨ ਲਈ ਜਾਨ ਵੀ ਜ਼ੋਖਿਮ ਵਿਚ ਪਾਈਏ। ਇਹ ਮੂਰਖਤਾ ਭਰਿਆ ਕਦਮ ਹੈ। ਇਸੇ ਮੂਰਖਤਾ ਕਾਰਨ ਪਾਕਿਸਤਾਨ ਵਿਚ ਇੰਨੇ ਲੋਕਾਂ ਦੀ ਮੌਤ ਹੋ ਗਈ। ਅਸੀਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ ਅਤੇ ਨਾਲ ਹੀ ਬੇਨਤੀ ਕਰਦੇ ਹਾਂ ਕਿ ਇਸ ਘਟਨਾ ਤੋਂ ਸਬਕ ਲਿਆ ਜਾਵੇ ਕਿਉਂਕਿ ਪਾਕਿਸਤਾਨ ਵਿਚ ਹੀ ਨਹੀਂ ਬਲਕਿ ਭਾਰਤ ਵਿਚ ਵੀ ਅਜਿਹਾ ਕੁਝ ਬਹੁਤ ਵਾਰੀ ਹੁੰਦਾ ਦੇਖਿਆ ਗਿਆ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਇਸਾਈਆਂ ਦੀ ਸਿਆਸਤ



ਫਰੈਡੀ ਜੋਜ਼ਫ

ਪੰਜਾਬ ਵਿਚ 23 ਵਿਧਾਨ ਸਭਾ ਹਲਕੇ ਅਜਿਹੇ ਹਨ, ਜਿੱਥੋਂ ਕਿਸੇ ਵਿਧਾਇਕ ਦੀ ਜਿੱਤ-ਹਾਰ ਦਾ ਫੈਸਲਾ ਇਸਾਈਆਂ ਦੇ ਹੱਥ ਹੁੰਦਾ ਹੈ। ਇਕ ਲੋਕ ਸਭਾ ਹਲਕਾ ਵੀ ਅਜਿਹਾ ਹੀ ਹੈ। ਜੇਕਰ ਇਹਨਾਂ ਹਲਕਿਆਂ ਦੇ ਆਧਾਰ ਤੇ ਦੂਸਰੀ ਕਿਸੇ ਠੋਸ ਪਾਰਟੀ ਨਾਲ ਲੈਣ-ਦੇਣ ਕਰਕੇ ਇੱਥੋਂ 6-7 ਜ਼ੋਰਦਾਰ ਇਸਾਈ ਉਮੀਦਵਾਰ ਖੜ੍ਹੇ ਕੀਤੇ ਜਾਣ ਤਾਂ ਘੱਟੋ ਘੱਟ 4-5 ਇਸਾਈ ਵਿਧਾਇਕ ਬਣ ਸਕਦ ਹਨ ਅਤੇ ਇਹਨਾਂ ਵਿਚੋਂ ਘੱਟੋ ਘੱਟ ਇਕ ਇਸਾਈ ਵਿਧਾਇਕ ਕੈਬਨਿਟ ਮਨਿਸਟਰ ਬਣ ਸਕਦਾ ਹੈ ਅਤੇ ਇਕ ਅੱਧਾ ਹੋਰ ਵੀ ਰਾਜ ਮੰਤਰੀ, ਸੰਸਦੀ ਸਕੱਤਰ ਜਾਂ ਕਿਸੇ ਵਿਭਾਗ ਦਾ ਚੇਅਰਮੈਨ ਬਣ ਸਕਦਾ ਹੈ ਅਤੇ ਪੰਜਾਬ ਦੇ ਇਸਾਈ ਲੋਕ ਸਭਾ ਵਿਚ ਘੱਟੋ ਘੱਟ ਇਕ ਮੈਂਬਰ ਭੇਜ ਸਕਦੇ ਹਨ। ਜੇਕਰ ਇਸ ਤਰ੍ਹਾਂ ਹੋ ਜਾਵੇ ਤਾਂ ਇਸਾਈਆਂ ਦੇ ਸਰਵਪੱਖੀ ਵਿਕਾਸ ਦਾ ਰਾਹ ਖੁੱਲ੍ਹ ਸਕਦਾ ਹੈ। ਪਰ ਅੱਜ ਜਦਕਿ ਅੰਤਰ ਰਾਸ਼ਟ ਰੀ ਪੱਧਰ ਤੇ ਇਸਾਈ ਪੂਰੇ ਸੰਸਾਰ ਦੀ ਸਿਆਸਤ ਦੀ ਅਗਵਾਈ ਕਰ ਰਹੇ ਹਨ, ਪੰਜਾਬ ਦੇ ਇਸਾਈ ਰਾਜਸੀ ਸੂਝ-ਬੂਝ ਦੀ ਕਮੀ, ਭਿਆਨਕ ਫੁੱਟ ਅਤੇ ਖਾਰਬਾਜ਼ੀ ਕਾਰਨ ਪਿਛਲੇ 70 ਸਾਲ ਤੋਂ ਰਾਜਸੀ ਖੇਤਰ ਵਿਚ ਸਭ ਤੋਂ ਪਿੱਛੇ ਘਸੀਟ ਹੁੰਦੇ ਚਲੇ ਆ ਰਹੇ ਹਨ। ਜੋ ਹਾਲਾਤ ਅੱਜ ਬਣੇ ਹੋਏ ਹਨ, ਉਹਨਾਂ ਵਿਚ ਦੂਰ ਦੂਰ ਤੱਕ ਵੀ ਇਹ ਸੰਭਾਵਨਾ ਬਣਦੀ ਨਜ਼ਰ ਨਹੀਂ ਆਉਂਦੀ ਕਿ ਇਸ-ਾਈਆਂ ਵਿਚ ਲੋੜੀਂਦੀ ਏਕਤਾ ਪੈਦਾ ਹੋ ਜਾਵੇਗੀ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਇਸਾਈ ਪ੍ਰੇਮ ਪਿਆਰ ਅਤੇ ਏਕਤਾ ਦਾ ਪ੍ਰਚਾਰ ਕਰਦੇ ਹਨ। ਪ੍ਰਭੂ ਯਿਸੂ ਨੇ ਕਿਹਾ ਹੈ ਕਿ ਤੁਹਾਡੀ ਏਕਤਾ ਤੋਂ ਪਤਾ ਲੱਗੇਗਾ ਕਿ ਤੁਸੀਂ ਮੇਰੇ ਚੇਲੇ ਹੋ। ਪਰ ਵੱਡੀਆਂ-ਵੱਡੀਆਂ ਬਾਈਬਲਾਂ ਚੁੱਕ ਕੇ ਪ੍ਰਭੂ ਯਿਸੂ ਦੇ ਇਸ ਸੰਦੇਸ਼ ਦਾ ਪ੍ਰਚਾਰ ਕਰਨ ਵਾਲੇ ਖੁਦ ਹੀ ਏਕਤਾ ਕਰਨ ਲਈ ਤਿਆਰ ਨਹੀਂ।

ਪਿਛਲੇ 70 ਸਾਲ ਵਿਚ ਹਰ ਕੌਮ ਅੱਗੇ ਵਧੀ ਹੈ- ਕਈ ਬਰਾਦਰੀਆਂ ਪਤਾਲ ਵਿਚੋਂ ਨਿਕਲ ਕੇ ਆਕਾਸ਼ ਨਾਲ ਗੱਲਾਂ ਕਰਨ ਲੱਗ ਪਈਆਂ ਹਨ। ਕੁਝ ਇਸ ਤੋਂ ਕੁਝ ਹੇਠਾਂ ਹਨ ਪਰ ਤਰੱਕੀ ਤਾਂ ਉਹਨਾਂ ਨੇ ਵੀ ਕਮਾਲ ਦੀ ਕੀਤੀ ਹੈ। ਜੋ ਬਰਾਦਰੀਆਂ ਜ਼ਿਆਦਾ ਅੱਗੇ ਨਹੀਂ ਵਧੀਆਂ, ਕੁਝ ਨਾ ਕੁਝ ਤਾਂ ਉਹ ਵੀ ਤਰੱਕੀ ਕਰ ਗਈਆਂ ਹਨ। ਪਰ ਇਸਾਈ ਉਥੇ ਦੇ ਉਥੇ ਹੀ ਖੜ੍ਹੇ ਹਨ। ਇਸਾਈਆਂ ਦਾ ਆਰਥਿਕ, ਰਾਜਨੀਤਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਪੱਧਰ ਉਪਰ ਉਠਣ ਦੀ ਬਜਾਏ ਲਗਾਤਾਰ ਡਿੱਗ ਰਿਹਾ ਹੈ। ਇਸਾਈਆਂ ਦੇ ਮੱਲੋ ਮੱਲੀ ਬਣੇ ’ਸਿਆਸੀ ਨੇਤਾਵਾਂ’ ਦੀ ਹਮੇਸ਼ਾ ਇਹ ਮੰਗ ਰਹੀ ਹੈ ਕਿ ਇਸਾਈਆਂ ਨੂੰ ਸਰਕਾਰ ਵਿਚ ਪ੍ਰਤੀਨਿਧਤਾ ਦਿੱਤੀ ਜਾਵੇ। ਪਰ ਅੱਜ ਤੱਕ ਜਿੰਨੇ ਅਖੌਤੀ ਇਸਾਈ ਨੇਤਾ ਸਰਕਾਰੀ ਕੁਰਸੀਆਂ ’ਤੇ ਬੈਠੇ ਹਨ, ਉਹ ਸਰਕਾਰ ਦੇ ਕੰਮ ਹੀ ਆਏ ਹਨ। ਉਹਨਾਂ ਵੱਲੋਂ ਇਸਾਈਆਂ ਦੇ ਆਰਥਿਕ, ਰਾਜਨੀਤਿਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਉਥਾਨ ਲਈ ਕੁਝ ਕੀਤਾ ਗਿਆ ਹੋਵੇ, ਉਸਦੀ ਕੋਈ ਮਿਸਾਲ ਨਹੀਂ ਹੈ। ਇਹਨਾਂ ਲੋਕਾਂ ਨੂੰ ਕੁਝ ਨਿਕੰਮੀਆਂ ਸੀਟਾਂ ਦੇ ਕੇ ਵੱਖ ਵੱਖ ਸਰਕਾਰਾਂ ਨੇ ਆਪਣੀ ਖਾਨਾਪੂਰਤੀ ਤਾਂ ਕੀਤੀ ਹੈ ਪਰ ਇਸਾਈਆਂ ਦੇ ਵਿਕਾਸ ਲਈ ਕੋਈ ਕੰਮ ਨਹੀਂ ਕੀਤਾ।

**(ਚਲਦਾ)**

## ਸ਼ਿਮਲਾ ਵਿਚ ਕੱਟੜਪੰਥੀਆਂ ਨੇ ਕੀਤਾ ਮਸੀਹੀ ਸਮਾਗਮ ਭੰਗ

**ਸ਼ਿਮਲਾ–** ਪਿਛਲੇ ਮਹੀਨੇ ਸ਼ਿਮਲਾ ਜ਼ਿਲ੍ਹੇ ਦੇ ਪਿੰਡ ਰਾਮਪੁਰ ਵਿਖੇ ਆਯੋਜਿਤ ਇਕ ਮਸੀਹੀ ਸਮਾਗਮ ਨੂੰ ਹਿੰਦੂ ਕੱਟੜਪੰਥੀਆਂ ਵੱਲੋਂ ਭੰਗ ਕੀਤੇ ਜਾਣ ਦੀ ਖਬਰ ਮਿਲੀ ਹੈ। ਇਸ ਰੂਹਾਨੀ ਸਤਿਸੰਗ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋ ਰਹੇ ਸਨ ਕਿ ਸਤਿਸੰਗ ਦੇ ਪਹਿਲੇ ਹੀ ਦਿਨ ਕੱਟੜਪੰਥੀਆਂ ਨੇ ਉਥੇ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਜਿਸ ਸਕੂਲ ਵਿਚ ਇਹ ਸਮਾਗਮ ਹੋ ਰਿਹਾ ਸੀ, ਉਸਦਾ ਗੇਟ ਤੋੜ ਦਿੱਤਾ। ਇਸ ਮਾਗਮ ਵਿਚ ਅਮਰੀਕਾ ਤੋਂ ਖੁਦਾ ਦੇ ਉਘੇ ਦਾਸ ਮਾਰਕ ਐਂਡਰਸਨ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋ ਰਹੇ ਸਨ। ਹਿੰਦੂ ਕੱਟੜਪੰਥੀਆਂ ਨੇ ਰੈਡਰੈਂਡ ਐਂਡਰਸਨ ਦੇ ਹੋਟਲ ਦੇ ਬਾਹਰ ਵੀ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਉਹਨਾਂ ਨੂੰ ਹੋਟਲ ਤੋਂ ਬਾਹਰ ਨਹੀਂ ਨਿਕਲਣ ਦਿੱਤਾ। ਧਰਮ ਪਰਿਵਰਤਨ ਨੂੰ ਮੁੱਦਾ ਬਣਾ ਕੇ ਇਕ ਘੰਟੇ ਤੋਂ ਵੱਧ ਰਾਸ਼ਟਰੀ ਰਾਜ ਮਾਰਗ ਤੇ ਚੱਕਾ ਜਾਮ ਕੀਤਾ। ਕੱਟੜਪੰਥੀਆਂ ਨੂੰ ਖਦੇੜਨ ਲਈ ਪੁਲਿਸ ਨੇ ਹਲਕਾ ਲਾਠੀਚਾਰਜ ਕੀਤਾ।

ਮਸੀਹੀ ਲੋਕਾਂ ਦੀ ਸੂਚਨਾ ਤੇ ਪੁਲਿਸ ਪਾਰਟੀ ਅਤੇ ਐਸ. ਡੀ. ਐਮ. ਪੁੱਜ ਗਏ ਤੇ ਉਹਨਾਂ ਨੇ ਭੀੜ ਤੇ ਕਾਬੂ ਪਾਇਆ। ਮਸੀਹਾ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਸਕੂਲ ਦੇ ਪ੍ਰਿੰਸੀਪਲ ਤੋਂ ਸਮਾਗਮ ਦੀ ਆਗਿਆ ਲਈ ਹੋਈ ਸੀ। ਜਦ ਇਸ ਸਕੂਲ ਵਿਚ ਸ੍ਰੀ ਸ੍ਰੀ ਰਵੀ ਸ਼ੰਕਰ ਦਾ ਸਮਾਗਮ ਹੋ ਸਕਦਾ ਹੈ ਤਾਂ ਮਸੀਹੀ ਸਮਾਗਮ ਕਿਉਂ ਨਹੀਂ? ਇਹੀ ਨਹੀਂ, ਇੱਥੇ ਕੋਈ ਧਰਮ ਪਰਿਵਰਤਨ ਨਹੀਂ ਹੋ ਰਿਹਾ ਸੀ। ਐਸ. ਡੀ. ਐਮ. ਦੇ

**(ਬਾਕੀ ਸਫਾ 20 ਤੇ)**

# ਕੰਪਿਊਟਰ, ਪੈੱਨ ਡਰਾਈਵ ਦੇ ਜ਼ਮਾਨੇ ’ਚ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ ਦਾ ਸ਼ੈਦਾਈ 'ਬਿੰਦਰ ਸਿੰਘ ਅਠਵਾਲ



ਤਸਵਿੰਦਰ ਸਿੰਘ ਬੜੈਚ

91-98763-22677

ਬੇਸ਼ੱਕ ਅੱਜ ਸੀ.ਡੀ, ਪੈੱਨ ਡਰਾਈਵ ਦਾ ਜਮਾਨਾਂ ਹੈ, ਪਰ ਕਿਸੇ ਵੇਲੇ ਤਵਿਆ ਵਾਲਾ ਵਾਜਾ ਜੋ ਕਿ ਗ੍ਰਾਮੋਫੋਨ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਹੁੰਦਾ ਸੀ। ਇਹਦੇ ਬਿਨਾਂ ਗੀਤ-ਸੰਗੀਤ ਦੀ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਪੰਜਾਬ ਦੇ ਪਿੰਡਾਂ ਵਿਚ ਖੁਸ਼ੀ ਦੇ ਮੌਕੇ ਗ੍ਰਾਮੋਫੋਨ ਮਸ਼ੀਨ ’ਤੇ ਚੱਲਦੇ ਗੀਤ ਕੋਠਿਆ ਉੱਪਰ ਦੋ ਮੰਜਿਆ ਨੂੰ ਪੁੱਠੇ ਖੜ੍ਹੇ ਕਰਕੇ ਪਾਵਿਆਂ ਨਾਲ ਬੰਨ੍ਹੇ ਲਾਊਡ ਸਪੀਕਰਾਂ ਵਿਚੋਂ ਗੂੰਜਦੇ ਆਮ ਸੁਣਦੇ ਸਨ। ਵਿਆਹ-ਸ਼ਾਦੀ ਮੌਕੇ ਸਪੀਕਰ ਵਾਲਾ ਜਦੋਂ ਵਿਆਹ ਵਾਲੇ ਘਰ ਮਸ਼ੀਨ ਵਿਚ ਰਿਕਾਰਡ ਲਗਾਉਂਦਾ ਸੀ ਤਾਂ ਵਿਆਹ ਦਾ ਮਾਹੌਲ ਹੀ ਵੱਖਰਾ ਬਣ ਂਦਾ ਸੀ। ਵੱਖ-ਵੱਖ ਕਲਾਕਾਰ ਦੀਆਂ ਸੁਰੀਲੀਆ ਆਵਾਜਾਂ ਵਾਲਾ ਪਲੇਟਨੁਮਾ ਕਾਲੇ ਰੰਗ ਦਾ ਰਿਕਾਰਡ ਜਦੋਂ ਗ੍ਰਾਮੋਫੋਨ ਮਸ਼ੀਨ ’ਤੇ ਚੱਲਦਾ ਤਾਂ ਹਰ ਕੋਈ ਨਸ਼ਿਆ ਜਾਂਦਾ ਸੀ। ਪਰ ਅੱਜ ਦਾ ਬਹੁਤਾ ਨੋਜਵਾਨ ਵਰਗ ਇਸ ਪੁਰਾਣੇ ਸੰਗੀਤ ਕਲਚਰ ਤੋਂ ਅਣਜਾਣ ਹੈ। ਹੁਣ ਦੀ ਨੋਜਵਾਨ ਪੀੜ੍ਹੀ ’ਚੋਂ ਬਹੁਤਿਆਂ ਨੇ ਤਾਂ ਇਹ ਗ੍ਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਵੇਖੇ ਵੀ ਨਹੀਂ ਹੋਣੇ। ਇਸੇ ਕਾਰਜ ਹਿੱਤ ਪੁਰਾਣੇ ਰਿਕਾਰਡ ਤੇ ਗ੍ਰਾਮੋਫੋਨ ਮਸ਼ੀਨਾਂ ਦੀ ਸੰਭਾਲ ’ਚ ਜੁਟਿਆ ਹੋਇਆ ਹੈ ਜਿਲ੍ਹਾ ਬਰਨਾਲਾ ਦੇ ਪਿੰਡ ਭਦੌੜ ਦਾ ਵਸਨੀਕ ਬਿੰਦਰ ਸਿੰਘ










ਅਠਵਾਲ। ਉਸ ਕੋਲ ਇਸ ਸਮੇਂ 7 ਮਸ਼ੀਨਾਂ ਚਾਬੀ ਨਾਲ ਚੱਲਣ ਵਾਲੀਆਂ ਅਤੇ 12 ਮਸ਼ੀਨਾਂ ਬਿਨਾਂ ਚਾਬੀ ਵਾਲੀਆਂ ਸਾਂਭੀਆਂ ਪਈਆ ਹਨ। ਉਸ ਵੱਲੋਂ ਇਕੱਠੇ ਕੀਤੇ ਹੋਏ ਪੁਰਾਣੇ ਤਵਿਆਂ ਵਿਚ ਪੰਜਾਬ ਦੀ ਮਸ਼ਹੂਰ ਗਾਇਕਾ ਸੁਰਿੰਦਰ ਕੌਰ ਤੇ ਪ੍ਰਕਾਸ ਕੌਰ ਦਾ ਗੀਤ 'ਲੁੱਟੀ ਹੀਰ ਵੇ ਗਮਾਂ ਦੀ 'ਕਰ ਛੱਤਰੀ ਦੀ ਛਾਂ, ਮੈਂ ਛਾਵੇਂ ਬਹਿੰਨੀ ਆਂ’,'ਮਾਵਾਂ ਤੇ ਧੀਆ ਰਲ ਬੈਠੀਆਂ ਨੀ ਮਾਏ’। ਕਰਨੈਲ ਗਿੱਲ ਤੇ ਨਰਿੰਦਰ ਬੀਬਾ ਦਾ 'ਲੱਡੂ ਖਾ ਕੇ ਟੁਰਦੀ ਬਣੀ '। ਗੁਰਪਾਲ ਸਿੰਘ ਪਾਲ ਦਾ 'ਪਾਲੀ ਪਾਣੀ ਖੂਹ ਤੋਂ ਭਰੇ '। ਪ੍ਰੀਤੀ ਬਾਲਾ ਤੇ ਚਰਨਜੀਤ ਚੰਨ ਦਾ ' ਲੱਲੇ ਤੋਂ ਲੱਗੀ ਯਾਰੀ '। ਅਜੈਬ ਸਿੰਘ ਰਾਏ ਤੇ ਮਨਜੀਤ ਕੌਰ ਦਾ ' ਮੈਂ ਡਿੱਪੂ ਦੀ ਖੰਡ ਵੇ '। ਗੁਰਚਰਨ ਪੋਹਲੀ ਤੇ ਪ੍ਰੇਮਲਾ ਪ੍ਰੇਮੀ ਦਾ ' ਵੇਖੋ ਸੱਠ ਸਾਲ ਦੀ ਬੁੱਢੀ '। ਕੁਲਦੀਪ ਮਾਣਕ ਤੇ ਗੁਲਸ਼ਨ ਕੋਮਲ ਦੇ 'ਕੁੰਡਾ ਖੋਲ ਬਸੰਤਰੀਏ’,' ਜੰਨ ਆਈ ਖੇੜ੍ਹਿਆ ਦੀ '। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ 'ਆ ਮੁੰਡਿਆ ਵੇ ਜਰਾ ਬਹਿ ਮੁੰਡਿਆ’, 'ਮੂੰਗਿਆਂ ਭਿੱਜ ਗਿਆ ਵੇ’,'ਲੁਧਿਆਣੇ ਮੁੰਡਾ ਪੜ੍ਹਦਾ’,'ਉਂਗਲੀ ’ਚ ਮੁੰਦਰੀ ਪਾ ਨੀ ਗਿਆ’। ਆਸਾ ਸਿੰਘ ਮਸਤਾਨਾ ਦਾ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ’। ਨਿਰਮਲ ਸਿੰਘ ਨਿਰਮਲ ਦਾ 'ਲੈਕੇ ਗੜਵਾ ਹਵੇਲੀ ਵਿਚ ਆਜਾ’। ਸੁਰਿੰਦਰ ਛਿੰਦਾ ਤੇ ਸੁਰਿੰਦਰ ਸੋਨੀਆ ਦਾ 'ਉਰਲੇ ਖੂਹ ਤੇ ਮੋਠ ਬਾਜਰਾ’। ਸੁਰਿੰਦਰ ਸੋਨੀਆ ਤੇ ਨਜ਼ੀਰ ਮੁਹੰਮਦ ਦਾ 'ਗੁੱਤ ਉੱਤੇ ਮੋਰਨੀ ਪੁਆਦੇ ਮਿੱਤਰਾ’। ਕਰਮਜੀਤ ਧੂਰੀ ਤੇ ਮੋਹਣੀ ਨਰੂਲਾ ਦੇ 'ਵੇ ਚੰਦ ਕੁਰ ਚੰਦ ਨੂੰ ਪੁੱਛੇ’,'ਮਿੱਤਰਾਂ ਦੀ ਲੂਣ ਦੀ ਡਲੀ’। ਨਰਿੰਦਰ ਬੀਬਾ ਤੇ ਰਣਧੀਰ ਸਿੰਘ ਰਾਣਾ ਦਾ 'ਬਣ ਕੇ ਭੂਤਨਾ ਚਿੰਬੜ ਗਿਆ’ ਆਦਿ ਦੇ ਰਿਕਾਰਡ ਹਜਾਰਾਂ ਦੀ ਗਿਣਤੀ ਵਿਚ ਮੌਜੂਦ ਹਨ। ਇਸ ਤੋਂ ਇਲਾਵਾ ਸਰੂਪ ਸਿੰਘ ਸਰੂਪ, ਉੱਤਮ ਸਿੰਘ, ਬਲਜਿੰਦਰ ਮਚਲਾ ਜੱਟ, ਕਰਮਜੀਤ ਗਰੇਵਾਲ, ਕਰਨੈਲ ਪਾਰਸ, ਸਰਦੂਲ ਸਿਕੰਦਰ, ਕਰਤਾਰ ਰਮਲਾ, ਦੀਦਾਰ ਸਿੰਘ ਰਟੈਂਡਾ, ਪਾਲ ਸਿੰਘ ਪੰਛੀ, ਰਾਜਿੰਦਰ ਰਾਜਨ, ਲੱਖੀ ਵਣਜਾਰਾ ਦੀਆਂ ਸੁਰੀਲੀਆਂ ਆਵਾਜਾਂ ਤੋਂ ਇਲਾਵਾ ਨਰੰਜਣ ਸਿੰਘ ਦੇ ਸੱਨ 1948-56 ਤੱਕ ਦੇ ਰਿਕਾਰਡ, ਸੁਰਿੰਦਰ ਕੌਰ ਦੇ ਹਿੰਦੀ ਫਿਲਮੀ ਰਿਕਾਰਡ ਤੇ ਅਨਵਰ ਦੇ 70 ਹਿੰਦੀ ਰਿਕਾਰਡ ਵੀ ਉਸ ਕੋਲ ਮੌਜੂਦ ਹਨ। ਸਹਿਦ ਨਾਲੋਂ ਵੀ ਮਿੱਠੀ ਬੋਲੀ ਵਾਲੇ ਤੇ ਲੋਕ ਸੰਗੀਤ ਮੰਡਲੀ ਭਦੌੜ ਨਾਲ ਜੁੜੇ ਇਸ ਸਖਸ ਕੋਲ ਇੰਦਰਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਡਾ. ਰਾਜਿੰਦਰ ਪ੍ਰਸਾਦ, ਰਾਜੀਵ ਗਾਂਧੀ, ਸੁਭਾਸ ਚੰਦਰ ਬੋਸ, ਰਾਬਿੰਦਰ ਨਾਥ ਟੈਗੋਰ, ਡਾ. ਭੀਮ ਰਾਓ ਅੰਬੇਦਕਰ, ਬਲਭ ਭਾਈ ਪਟੇਲ ਆਦਿ ਨੇਤਾਵਾਂ ਦੇ ਭਾਸ਼ਨਾਂ ਵਾਲੇ ਰਿਕਾਰਡ ਵੀ ਮੌਜੂਦ ਹਨ। ਇਥੇ ਹੀ ਬਸ ਨਹੀਂ ਪਾਕਿਸਤਾਨੀ ਕਲਾਕਾਰਾਂ ਦੇ ਰਿਕਾਰਡ ਵੀ ਉਸ ਦੇ ਸ਼ੌਕ ਦੇ ਖਜ਼ਾਨੇ ਦਾ ਸ਼ਿੰਗਾਰ ਬਣੇ ਹੋਏ ਹਨ। ਪੰਜਾਬੀ ਫਿਲਮੀ, ਹਿੰਦੀ ਫਿਲਮੀ, ਕਲਾਸੀਕਲ, ਗਜ਼ਲਾਂ, ਕੱਵਾਲੀਆਂ ਅਤੇ ਧਾਰਮਿਕ ਰਿਕਾਰਡਾਂ ਦਾ ਵੀ ਉਸ ਕੋਲ ਵੱਡਾ ਅਸਲੀ ਤੇ ਸੁੱਧ ਭੰਡਾਰ ਮੌਜੂਦ ਹੈ। ਟੇਪ ਰਿਕਾਰਡਾਂ, ਡੈੱਕ, ਟਿਊਬਾਂ ਵਾਲੇ ਰੇਡੀਓ, ਸਲੰਡਰ ਰਿਕਾਰਡ ਤੇ ਦੂਹਰੇ ਹੋਣ ਵਾਲੇ ਪਲਾਸਟਿਕ ਦੇ ਰਿਕਾਰਡ ਵੀ ਉਸ ਨੇ ਸਾਂਭੇ ਹੋਏ ਹਨ। ਉਸਨੇ ਇਹ ਸਾਰਾ ਖਜ਼ਾਨਾ ਆਪਣੇ ਘਰ ਸਾਂਭ ਕੇ ਰੱਖਿਆ ਹੋਇਆ ਹੈ। ਬਿੰਦਰ ਅਠਵਾਲ ਦੱਸਦਾ ਹੈ ਕਿ ਉਸ ਨੂੰ ਇਹ ਰਿਕਾਰਡ ਤੇ ਮਸ਼ੀਨਾ ਹਾਸਲ ਕਰਨ ਲਈ ਦੂਰ-ਦੁਰਾਡੇ ਵੀ ਜਾਣਾ ਪਿਆ ਹੈ ਤੇ ਮੂੰਹ-ਮੰਗੀ ਕੀਮਤ ਵੀ ਦੇਣੀ ਪਈ। ਬਿੰਦਰ ਅਠਵਾਲ ਨੇ ਅੱਗੇ ਦੱਸਿਆ ਕਿ ਮੇਰੇ ਇਸ ਸ਼ੌਕ ’ਚ ਮੇਰੀਆਂ ਬੇਟੀਆਂ ਮਨਪ੍ਰੀਤ ਕੌਰ ਤੇ ਦੀਪ ਕੌਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਤਵੇ ਤੇ ਗ੍ਰਾਮੋਫੋਨ ਮਸ਼ੀਨਾਂ ਇਕੱਠੀਆਂ ਕਰਨਾ ਉਸ ਦਾ ਸ਼ੌਕ ਹੈ, ਕੋਈ ਵਪਾਰ ਨਹੀਂ। 28 ਅਪ੍ਰੈਲ 1972 ਨੂੰ ਜਨਮਿਆ ਇਹ ਕਲਾ ਪ੍ਰੇਮੀ ਆਪਣੇ ਸ਼ੌਕ ਨੂੰ ਪੂਰੀ ਸਮਰਪਿਤ ਹੈ। ਬਿੰਦਰ ਅਠਵਾਲ ਹੁਣ ਤੱਕ ਚੋਟੀ ਦੇ ਗਾਇਕਾ ਨੂੰ ਨਿੱਜੀ ਤੋਰ ’ਤੇ ਮਿਲ ਕੇ ਉਨ੍ਹਾਂ ਦਾ ਥਾਪੜਾ ਵੀ ਲੈ ਚੁੱਕਾ ਹੈ, ਜਿਨ੍ਹਾਂ ਵਿਚ ਕੁਲਦੀਪ ਮਾਣਕ, ਗੁਰਦਾਸ ਮਾਨ, ਮੁਹੰਮਦ ਸਦੀਕ, ਰਣਜੀਤ ਕੌਰ, ਹੰਸ ਰਾਜ ਹੰਸ, ਨਰਿੰਦਰ ਬੀਬਾ, ਗੀਤਕਾਰ ਕਰਨੈਲ ਜਲਾਲ, ਗੁਰਚਰਨ ਗੋਪੀ, ਕਰਨੈਲ ਗਿੱਲ, ਸਰਦੂਲ ਸਿਕੰਦਰ, ਕਰਤਾਰ ਰਮਲਾ ਆਦਿ। ਕਲਾਕਾਰਾਂ ਨਾਲ ਉਸ ਦੀ ਸਾਂਝ ਪੁਰਾਣੀ ਹੈ। ਭਾਂਵੇ ਬਿੰਦਰ ਸਿੰਘ ਅਠਵਾਲ ਨੂੰ ਵਿਰਾਸਤ ਸੰਭਾਲ ਦੇ ਖੇਤਰ ਵਿਚ ਕੀਤੀ ਜਾ ਰਹੀ ਵੱਡਮੁੱਲੀ ਸੇਵਾ ਬਦਲੇ ਕਈ ਸੱਭਿਆਚਾਰਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ, ਪਰ ਬਿੰਦਰ ਅਠਵਾਲ ਵੱਲ੍ਹ ਸਰਕਾਰ ਦੇ ਪੁਰਾਤਨ ਵਿਭਾਗ ਦੀ ਸਵੱਲੀ ਨਜ਼ਰ ਅਜੇ ਤੱਕ ਨਹੀਂ ਪਈ। ਪੁਰਾਤਨ ਵਿਭਾਗ ਨੂੰ ਪੰਜਾਬ ਵਿਚ ਅਠਵਾਲ ਵਰਗੇ ਵਿਆਕਤੀਆਂ ਨੂੰ ਵਿਰਾਸਤੀ ਮੇਲਿਆਂ ਉੱਪਰ ਬਣਦਾ ਮਾਣ-ਸਨਮਾਨ ਦੇਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆ ਪੀੜ੍ਹੀਆ ਉਸ ਵੱਲੋਂ ਸੰਭਾਲੇ ਪੁਰਾਤਨ ਸੰਗੀਤ ਦੇ ਅਨਮੋਲ ਖਜ਼ਾਨੇ ਦੇ ਦਰਸ਼ਨ ਕਰਦੇ ਰਹਿਣ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜੈਕਾਰਿਆਂ ਦੀ ਗੂੰਜ ਨਾਲ ਭਗਾਉਤੀ (ਦੁਰਗਾ) ਭਜਾਈ ਗਈ!






ਅਸਲੀ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਵਸ ਅਤੇ ਗੁਰਦੁਵਾਰੇ ਦੀ ਨਵੀਂ ਇਮਾਰਤ ਦੇ ਉਦਘਾਟਨ ’ਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ) ਪ੍ਰੋ. ਦਰਸ਼ਨ ਸਿੰਘ ਖਾਲਸਾ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਮੁਖੀ ਸ੍ਰ. ਰਜਿੰਦਰ ਸਿੰਘ ਖਾਲਸਾ, ਗੁਰਦਵਾਰਾ ਗੁਰੂ ਗ੍ਰੰਥ ਫਾਊਂਡੇਸ਼ਨ ਹੇਵਰਡ ਦੇ ਪ੍ਰਬੰਧਕਾਂ ਅਤੇ ਸਿੱਖ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ 18 ਜੂਨ ਦਿਨ ਐਤਵਾਰ ਤੋਂ 21 ਜੂਨ ਬੁੱਧਵਾਰ ਤੱਕ ਗੁਰਦੁਵਾਰਾ ਹੇਵਰਡ ਵਿਖੇ ਲੜੀਵਾਰ ਦਿਵਾਨ ਸਜੇ ਜਿੰਨ੍ਹਾਂ ਵਿੱਚ ਗੁਰਬਾਣੀ ਗੁਰਮਤਿ ਵਿਚਾਰਾਂ ਦੇ ਨਾਲ ਨਾਲ ਮਜੂਦਾ ਸਿੱਖੀ ਦੇ ਭਖਦੇ ਮਸਲੇ ਜਿਵੇਂ ਅਕਾਲ ਤਖਤ, ਜਥੇਦਾਰ, ਮਰਯਾਦਾ, ਡੇਰਾਵਾਦ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਅਤੇ ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਆਦਿਕ ਵਿਸ਼ਿਆਂ ਤੇ ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ ਨੇ ਕੀਰਤਨ ਵਖਿਆਨਾਂ ਅਤੇ ਸ੍ਰ. ਰਜਿੰਦਰ ਸਿੰਘ ਖਾਲਸਾ ਜੀ ਨੇ ਗੁਰਮਤਿ ਲੈਕਚਰਾਂ ਨਾਲ ਖੁੱਲ੍ਹੇ ਵਿਚਾਰ ਕੀਤੇ। ਉਪ੍ਰੋਕਤ ਵਿਸ਼ਿਆਂ ਬਾਰੇ ਸੰਗਤਾਂ ਵਿੱਚ ਡੇਰੇਦਾਰਾਂ, ਸੰਪ੍ਰਦਾਈਆਂ ਅਤੇ ਅਖੌਤੀ ਪ੍ਰਚਾਰਕਾਂ ਵੱਲੋਂ ਪਾਏ ਗਏ ਭੰਬਲਭੂਸੇ ਦੂਰ ਕੀਤੇ ਅਤੇ ਸੰਗਤਾਂ ਦੇ ਭਰਮ-ਭੁਲੇਖੇ ਸ਼ੰਕੇ ਨਵਿਰਤ ਹੋਏ। ਇਸ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ੍ਰ. ਸੁਖਵਿੰਦਰ ਸਿੰਘ ਵੜੈਚ ਗੁਰਮਤਿ, ਮਰਯਾਦਾ ਅਤੇ ਸਿੱਖ ਇਤਹਾਸ ਦੇ ਚੰਗੇ ਜਾਣੂ ਹਨ। ਉਹ ਗੁਰਦੁਆਰੇ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੀ ਕੱਚੀ ਰਚਨਾ ਖਾਸ ਕਰ ਅਖੌਤੀ ਦਸਮ ਗ੍ਰੰਥ ਅਤੇ ਸੂਰਜ ਪ੍ਰਕਾਸ਼ ਆਦਿਕ ਗ੍ਰੰਥਾਂ ਦੀ ਕਥਾ ਇਜਾਜਿਤ ਨਹੀਂ ਦਿੰਦੇ। ਕੀਰਤਨ ਵੀ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ ਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਜੋ ਪੰਥ ਪ੍ਰਵਾਣਿਤ ਹਨ ਦਾ ਹੁੰਦਾ ਹੈ।

ਇਸ ਸਟੇਜ ਤੇ ਚੰਗੇ ਚੰਗੇ ਵਿਦਵਾਨ ਅਤੇ ਖਾਸ ਕਰ ਮਿਸ਼ਨਰੀ ਪ੍ਰਚਾਰਕ ਕਥਾ ਪ੍ਰਚਾਰ ਕਰਦੇ ਹਨ। ਸੰਗਤਾਂ ਦੀ ਸਹੂਲਤ ਵਾਸਤੇ ਪ੍ਰਬੰਧਕਾਂ ਅਤੇ ਦਾਨੀ ਸਜਨਾਂ ਦੇ ਸਹਿਯੋਗ ਨਾਲ ਬਿਲਡਿੰਗ ਨੂੰ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਗੁਰਦੁਆਰੇ ਦੀ ਕਾਰ ਸੇਵਾ ਪ੍ਰਬੰਧਕ, ਦਾਨੀ ਸੱਜਨ, ਗੁਰਮਤਿ ਪ੍ਰੇਮੀ ਅਤੇ ਮਿਸਤਰੀ ਬੜੇ ਉਤਸ਼ਾਹ ਨਾਲ ਜੰਗੀ ਪੱਧਰ ਤੇ ਕਰ ਰਹੇ ਹਨ। ਖਾਸ ਕਰਕੇ ਗੁਰਦੁਆਰੇ ਦੇ ਫਾਊਂਡਰ ਮੈਂਬਰ ਸ੍ਰ. ਪਾਲ ਸਿੰਘ ਪਾਲੀ ਸੱਭਰਵਾਲ ਅਤੇ ਦੌਲਤ ਸਿੰਘ ਨਿੱਝਰ ਬੜੀ ਤਨਦੇਹੀ ਨਾਲ ਵੱਧ ਤੋਂ ਵੱਧ ਸਮਾਂ ਦੇ ਕੇ ਸੇਵਾ ਨਿਭਾ ਰਹੇ ਹਨ। ਮੁੱਖ ਗ੍ਰੰਥੀ ਭਾਈ ਧਰਮਵੀਰ ਸਿੰਘ, ਭਾਈ ਹਰਜਿੰਦਰ ਸਿੰਘ ਤੇ ਬਾਕੀ ਰਾਗੀ ਤੇ ਸੇਵਾਦਾਰ ਬਾਖੂਬੀ ਸੇਵਾ ਨਿਭਾ ਰਹੇ ਅਤੇ ਸੰਗਤਾਂ ਨੂੰ ਮਨਮੱਤਾਂ ਛੱਡਣ ਦੀ ਪ੍ਰੇਰਣਾ ਦਿੰਦੇ ਹਨ।

ਅਕਾਲ ਪੁਰਖ ਨੇ ਕਲਾ ਵਰਤਾਈ-ਬੁੱਧਵਾਰ ਸ਼ਾਮ ਦੇ ਆਖਰੀ ਭਰੇ ਦੀਵਾਨ ਵਿੱਚ ਪ੍ਰੋ. ਦਰਸ਼ਨ ਸਿੰਘ ਖਾਲਸਾ ਦੇ ਵਿਦਵਤਾ ਭਰੇ ਵਖਿਆਨ ਅਤੇ ਪ੍ਰੇਰਨਾ ਸਦਕਾ ਸੰਗਤਾਂ ਨੇ ਦੋਵੇਂ ਹੱਥ ਖੜੇ ਕਰਕੇ, ਜੈਕਾਰਿਆਂ ਦੀ ਗੂੰਜ ਵਿੱਚ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ ਮੰਨਣ ਦਾ ਪ੍ਰਣ ਪੱਤ੍ਰਾਂ ਰਾਹੀਂ ਅਹਿਦ ਲੈਂਦੇ, ਅਖੌਤੀ ਦਸਮ ਗ੍ਰੰਥ ਅਤੇ ਭਗਾਉਤੀ (ਦੁਰਗਾ) ਨੂੰ ਕੰਡਮ ਕਰਦੇ ਅਰਦਾਸ ਵਿੱਚ ਭਗਾਉਤੀ ਅਰਾਧਨ ਦੀ ਬਜਾਇ ਅਕਾਲ ਪੁਰਖ ਆਰਧਨ ਦਾ ਪ੍ਰਣ ਕੀਤਾ। ਗੁਰਦੁਆਰੇ ਦੇ ਮੁੱਖ ਗ੍ਰੰਥੀ ਭਾਈ ਧਰਮਵੀਰ ਸਿੰਘ ਨੇ “ਪ੍ਰਿਥਮ ਅਕਾਲ ਪੁਰਖ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ” ਅਰਦਾਸ ਕੀਤੀ ਅਤੇ ਹੁਕਮਨਾਮਾ ਲੈ ਸਮਾਪਤੀ ਕੀਤੀ ਗਈ।

ਇਉਂ ਸਿੱਖ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਤੀ ਦ੍ਰਿੜ ਹੋਈਆਂ। ਇਸ ਸਾਰੇ ਪ੍ਰੋਗਰਾਮਾਂ ਬਾਰੇ ਖਬਰਾਂ ਤੇ ਇਸ਼ਤਿਹਾਰ ਸ੍ਰ. ਸਤਨਾਮ ਸਿੰਘ ਖਾਲਸਾ ਜੀ ਨੇ “ਸਾਡੇ ਲੋਕ ਅਖਬਾਰ” ਵਿੱਚ ਕਵਰ ਕੀਤੇ।

ਉਪ੍ਰੋਕਤ ਵਿਸ਼ਿਆਂ ਬਾਰੇ ਪ੍ਰੋ. ਦਰਸ਼ਨ ਸਿੰਘ ਖਾਲਸਾ ਅਤੇ ਸ੍ਰ. ਰਜਿੰਦਰ ਸਿੰਘ ਖਾਲਸਾ ਨਾਲ ਡਾ. ਗੁਰਮੀਤ ਸਿੰਘ ਬਰਸਾਲ, ਸ੍ਰ. ਨਗਿੰਦਰ ਸਿੰਘ ਬਰਸਾਲ ਵਰਲਡ ਸਿੱਖ ਫੈਡਰੇਸ਼ਨ, ਸ੍ਰ. ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ੍ਰੋਮਣੀ ਕਮੇਟੀ, ਸ੍ਰ. ਕੁਲਦੀਪ ਸਿੰਘ ਮਜੀਠੀਆ, ਸ੍ਰ. ਦਰਸ਼ਨ ਸਿੰਘ ਕੈਬ ਡ੍ਰਾਈਵਰ, ਬੀਬੀ ਹਰਸਿਮਰਤ ਕੌਰ ਖਾਲਸਾ ਪ੍ਰਧਾਨ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਯੂ.ਐਸ.ਏ. ਅਤੇ ਦਾਸ ਅਵਤਾਰ ਸਿੰਘ ਮਿਸ਼ਨਰੀ ਆਦਿਕਾਂ ਦੀਆਂ ਖੁੱਲ੍ਹੀਆਂ ਵਿਚਾਰਾਂ ਹੋਈਆਂ। ਅਸੀਂ ਸਾਰੇ ਸਮੁੱਚੀਆਂ ਸਿੱਖ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਹੋਰ ਹੋਰ ਸੰਤਾਂ ਤੇ ਗ੍ਰੰਥਾਂ ਨੂੰ ਛੱਡ ਕੇ, ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਪੜ੍ਹੀ, ਵਿਚਾਰੀ, ਧਾਰੀ ਤੇ ਪ੍ਰਚਾਰੀ ਜਾਵੇ। ਗੁਰੂ ਦਾ ਵੀ ਇਹੀ ਹੁਕਮ ਹੈ ਜੋ ਹਰ ਰੋਜ ਅਰਦਾਸ ਵਿਖੇ ਦੁਹਰਾਉਂਦੇ ਹਾਂ-ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ॥ ਪਰ ਮੰਨੀ ਕਿਸੇ ਹੋਰ ਗ੍ਰੰਥ ਤੇ ਸੰਤ ਨੂੰ ਵੀ ਜਾਂਦੇ ਹਾਂ।

ਅਵਤਾਰ ਸਿੰਘ ਮਿਸ਼ਨਰੀ 510-432-5827


# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ



**ਫਰੀਮਾਂਟ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ-ਪ੍ਰਵਾਹ ਤੋਂ ਸੇਧ ਲੈ ਕੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ-ਦੁਰਾਡੇ ਗੁਰਦੁਆਰਾ ਵਿਚ ਸਜਾਏ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਲਗਾਇਆ ਗਿਆ।

ਉਤਰੀ ਕੈਲੇਫੋਰਨੀਆ ਬੇ-ਏਰੀਆ ਵਿਚ ਸਥਾਪਤ ਇਕ ਪ੍ਰਭਾਵਸ਼ਾਲੀ ਅਤੇ ਉਘੇ ਤੌਰ ਤੇ ਜਾਣ ਜਾਂਦੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਅਮਰੀਕੀ ਕਵੀਆਂ ਵੱਲੋਂ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਇਸ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਠਾਕਰ ਸਿਘ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ। ਪ੍ਰੋਗਰਾਮ ਨੂੰ ਜਗਦੇਵ ਸਿੰਘ, ਕਮਲਜੀਤ ਸਿੰਘ ਅਟਵਾਲ, ਸਵਰਨਜੀਤ ਸਿੰਘ, ਜਗਤਾਰ ਸਿੰਘ ਆਦਿ ਨੇ ਸਫਲ ਬਣਾਉਣ ਲਈ ਕੰਮ ਕੀਤਾ।

## ਜਨਮ ਦਿਨ ਮੁਬਾਰਕ



ਬੇਟੀ ਸਮਦਿਸ਼ਾ ਧੀਰ, ਪਿਤਾ ਪ੍ਰਮੋਦ ਧੀਰ, ਮਾਤਾ ਨੀਨਾ ਧੀਰ, ਵਾਸੀ ਜੈਤੋ ਮੰਡੀ (ਪੰਜਾਬ) ਜਨਮ ਦਿਨ 28 ਜੂਨ 2017

(ਅਦਾਰੇ ਵੱਲੋਂ ਬੱਚੀ ਨੂੰ ਮੁਬਾਰਕ)

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES: (Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

# ਮਹਾਂਰਿਸ਼ੀ ਵਾਲਮੀਕ ਦੇ ਨਾਂ ਨਾਲ ਨਹੀਂ ਜੁੜੇਗਾ ਡਾਕੂ

## ਡਾ. ਮੰਜੁਲਾ ਸਹਿਦੇਵ ਦੀ ਰਿਸਰਚ ਨਾਲ ਸੁਪਰੀਮ ਕੋਰਟ ਸਹਿਮਤ

ਭਗਵਾਨ ਵਾਲਮੀਕ ਜੀ ਦੇ ਨਾਂ ਦੇ ਨਾਲ ਦਹਾਕਿਆਂ ਤੋਂ ਜੁੜੇ ਡਾਕੂ ਸ਼ਬਦ ਦਾ ਵਿਵਾਦ ਹੁਣ ਖਤਮ ਹੋ ਗਿਆ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੀ ਮਹਾਂਰਿਸ਼ੀ ਵਾਲਮੀਕ ਚੇਅਰ ਦੀ ਸਾਬਕਾ ਚੇਅਰਮੈਨ ਡਾ. ਮੰਜੁਲਾ ਸਹਿਦੇਵ ਦੁਆਰਾ ਪੇਸ਼ ਕੀਤੇ ਗਏ ਤੱਥਾਂ ਦੇ ਆਧਾਰ 'ਤੇ ਮੀਡੀਆ ਨੂੰ ਭਵਿੱਖ ਵਿਚ ਵਾਲਮੀਕ ਭਵਨ ਦੇ ਨਾਂ ਨਾਲ ਡਾਕੂ ਸ਼ਬਦ ਨਾ ਲਗਾਉਣ ਦੇ ਆਦੇਸ਼ ਦਿੱਤੇ ਹਨ।




2010 ਵਿਚ ਇਕ ਟੀ. ਵੀ. ਚੈਨਲ ਦੇ ਇਕ ਸੀਰੀਅਲ ਵਿਚ ਭਗਵਾਨ ਵਾਲਮੀਕ ਜੀ ਨੂੰ ਡਾਕੂ ਦੇ ਰੂਪ ਵਿਚ ਦਿਖਾਇਆ ਗਿਆ ਸੀ। ਇਸ ਤੇ ਜਲੰਘਰ ਦੇ ਨਵ ਵਿਕਾਸ ਨੇ ਚੈਨਲ 'ਤੇ ਪੁਲਿਸ ਕੇਸ ਦਰਜ ਕਰਕੇ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਸੀ। ਇਸ ਰਿੱਟ ਵਿਚ ਡਾ. ਮੰਜੁਲਾ ਸਹਿਦੇਵ ਦੀ ਰਿਸਰਚ ਦੇ ਆਧਾਰ ਤੇ ਇਹ ਦਾਅਵਾ ਕੀਤਾ ਗਿਆ ਕਿ ਮਹਾਂਰਿਸ਼ੀ ਵਾਲਮੀਕ ਆਪਦੇ ਜੀਵਨ ਵਿਚ ਡਾਕੂ ਸਨ ਹੀ ਨਹੀਂ, ਇਸ ਕਰਕੇ ਮੀਡੀਆ ਬਿਨਾਂ ਸਹੀ ਤੱਥਾਂ ਨੂੰ ਜਾਣੇ ਉਹਨਾਂ ਨੂੰ ਡਾਕੂ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ, ਜਿਸ ਕਾਰਨ ਪੂਰੀ ਦੁਨੀਆਂ ਵਿਚ ਵਾਲਮੀਕ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜ ਰਹੀ ਹੈ। ਹਾਈਕੋਰਟ ਨੇ ਡਾ. ਸਹਿਦੇਵ ਦੇ ਇਹਨਾਂ ਤੱਥਾਂ ਨੂੰ ਸਹੀ ਮੰਨਦੇ ਹਏ ਚੈਨਲ ਤੇ ਦਰਜ ਐਫ. ਆਈ. ਆਰ. ਨੂੰ ਬਰਕਰਾਰ ਰੱਖਣ ਦਾ ਆਦੇਸ਼ ਦਿੱਤਾ। ਇਸ ਤੋਂ ਬਾਅਦ ਚੈਨਲ ਸੁਪਰੀਮ ਕੋਰਟ ਚਲਾ ਗਿਆ। ਹੁਣ ਸੁਪਰੀਮ ਕੋਰਟ ਨੇ ਵੀ ਇਸ ਰਿੱਟ ਤੇ ਸੁਣਵਾਈ ਕਰਦੇ ਹੋਏ ਡਾ. ਸਹਿਦੇਵ ਦੇ ਤੱਥਾਂ ਨੂੰ ਸਹੀ ਕਰਾਰ ਦਿੰਦੇ ਹੋਇ ਵਾਲਮੀਕ ਭਗਵਾਨ ਨੂੰ ਡਾਕੂ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

### ਕੌਣ ਹੈ ਡਾ. ਮੰਜੁਲਾ ਸਹਿਦੇਵ

ਵਾਲਮੀਕ ਭਗਵਾਨ ਤੇ ਰਿਸਰਚ ਕਰਨ ਲਈ ਪੰਜਾਬ ਸਰਕਾਰ ਵੱਲੋਂ 1995 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਕਾਇਮ ਕੀਤੀ ਗਈ ਮਹਾਂਰਿਸ਼ੀ ਵਾਲਮੀਕ ਚੇਅਰ ਦੀ ਪਹਿਲੀ ਚੇਅਰਪਰਸਨ ਡਾ. ਮੰਜੁਲਾ ਸਹਿਦੇਵ ਨੇ ਵਾਲਮੀਕ ਰਮਾਇਣ ਅਤੇ ਸੰਸਕ੍ਰਿਤੀ ਨਾਟਕਾਂ ਵਿਚ ਰਾਮ ਵਿਸ਼ੇ ਤੇ ਪੀ. ਐਚ. ਡੀ. ਕੀਤੀ ਹੈ। ਉਹਨਾਂ ਦੁਆਰਾ ਸਾਰੇ ਸ਼ਾਸਤਰਾਂ, ਵੇਦਾਂ ਦਾ ਅਧਿਐਨ ਕਰਨ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਨੇ ਉਹਨਾਂ ਦੁਆਰਾ ਵਾਲਮੀਕ ਭਗਵਾਨ ਤੇ ਲਿਖ ਕਿਤਾਬ ਮਹਾਂਰਿਸ਼ੀ ਵਾਲਮੀਕ- ਇਕ ਸਮੀਖਿਆਤਮਕ ਅਧਿਐਨ ਨੂੰ ਛਾਪਿਆ ਸੀ।

### ਭਗਵਾਨ ਵਾਲਮੀਕ ਜੀ ਬਾਰੇ 6 ਤੱਥ

ਵੈਦਿਕ ਲਿਟਰੇਚ ਤੋਂ ਲੈ ਕੇ 9ਵੀਂ ਸਦੀ ਏ. ਡੀ. ਤੱਕ ਕੋਈ ਰੈਫਰੈਂਸ ਪ੍ਰਾਪਤ ਨਹੀਂ ਹੁੰਦਾ ਜੋ ਇਹ ਸਾਬਤ ਕਰ ਸਕੇ ਕਿ ਵਾਲਮੀਕ ਜੀ ਡਾਕੂ ਸਨ।

9ਵੀਂ ਸਦੀ ਵਿਚ ਇਹਨਾਂ ਦੇ ਨਾਂ ਵਾਲਮੀਕ ਦੇ ਸ਼ਾਬਦਿਕ ਅਰਥ ਵਾਲਮੀਕਿ (ਸਿਊਂਕ ਦਾ ਡੇਰ) ਦੀ ਉਤਪੱਤੀ ਦਾ ਜ਼ਿਕਰ ਵੀ ਨਹੀਂ ਮਿਲਦਾ।

ਵਾਲਮੀਕ ਰਮਾਇਣ ਵਿਚ ਉਹਨਾਂ ਨੂੰ ਭਗਵਾਨ, ਮੁਨਿ, ਰਿਸ਼ੀ, ਮਹਾਂਰਿਸ਼ੀ ਕਿਹਾ ਜਾਂਦਾ ਹੈ। ਉਹਨਾਂ ਦੇ ਆਪਣੇ ਮਹਾਂਕਾਵਿ ਵਿਚ ਵੀ ਡਾਕੂ ਹੋਣ ਦਾ ਕੋਈ ਵਰਣਨ ਨਹੀਂ ਹੈ।

ਪਹਿਲਾ ਰੈਫਰੈਂਸ ਸਿਕੰਦ ਪੁਰਾਣ ਵਿਚ ਮਿਲਦਾ ਹੈ ਜੋ ਵਿਦਵਾਨਾਂ ਦੇ ਮੁਤਾਬਕ 10ਵੀਂ ਸਦੀ ਦਾ ਹੈ। 10ਵੀਂ ਸਦੀ ਤੋਂ ਪਹਿਲਾਂ ਜਦੋਂ ਵਾਲਮੀਕ ਰਮਾਇਣ ਦਾ 9 ਦਿਨ ਦਾ ਪਾਠ ਚਲਦਾ ਸੀ ਤਾਂ ਉਸਨੂੰ ਸ਼ੁਰੂ ਕਰਨ ਤੋਂ ਪਹਿਲਾਂ ਭਗਵਾਨ ਵਾਲਮੀਕ ਦੀ ਪੂਜਾ ਹੁੰਦੀ ਸੀ।

ਅਗਲਾ ਰੈਫਰੈਂਸ ਮਰਿਆ ਮਰਿਆ ਅਧਿਆਤਮਕ ਰਮਾਇਣ ਵਿਚ ਮਿਲਦਾ ਹੈ ਜੋ 15ਵੀਂ ਸਦੀ ਦੀ ਹੈ। ਉਸ ਤੋਂ ਬਾਅਦ ਆਨੰਦ ਰਮਾਇਣ ਮਿਲਦੀ ਹੈ ਜੋ 16ਵੀਂ ਸਦੀ ਦੀ ਹੈ।

ਭਗਤੀ ਅੰਦੋਲਨ ਸਾਊਥ ਵਿਚ 8ਵੀਂ ਅਤੇ 9ਵੀਂ ਸਦੀ ਵਿਚ ਆਰੰਭ ਹੋਇਆ। 13ਵੀਂ ਤੋਂ 16 ਵੀਂ ਸਦੀ ਵਿਚ ਭਗਤੀ ਧਾਰਾ ਆਪਣੇ ਸਿਖਰ ਤੇ ਰਹੀ, ਉਸੇ ਸਮੇਂ ਵਾਲਮੀਕ ਜੀ ਦੇ ਬਾਰੇ ਇਹ ਕਹਾਣੀਆਂ ਬਣਾਉਣੀਆਂ ਆਰੰਭ ਹੋਈਆਂ।

# ਮਨਪ੍ਰੀਤ ਸਿੰਘ ਬਧੇਛਾ ਦੇ ਪਰਿਵਾਰ ਵੱਲੋਂ ਮਿਲਪੀਟਸ ਦੇ ਗੁਰਦੁਆਰੇ ਵਿਖੇ ਗੁਰਮਤਿ ਸਮਾਗਮ ਆਯੋਜਿਤ



**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)–** ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਬੀਤੇ ਐਤਵਾਰ ਮਨਪ੍ਰੀਤ ਸਿੰਘ ਬਧੇਛਾ ਦੇ ਸਪੁੱਤਰ ਕਾਕਾ ਸੁਖਪ੍ਰੀਤ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ। ਇਸ ਗੁਰਦੁਆਰੇ ਵਿਖੇ ਪ੍ਰਵਾਸੀ ਭਾਰਤੀ ਭਾਈਚਾਰੇ ਦੇ ਸਰਕਾਰੀ ਦਫਤਰਾਂ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੇ ਕਾਰਜਾਂ ਵਿਚ ਨਿਸ਼ਕਾਮ ਸਹਾਇਤਾ ਕਰਦੇ ਆ ਰਹੇ ਭਾਈ ਮਨਪ੍ਰੀਤ ਸਿੰਘ ਦੇ ਪਰਿਵਾਰ ਵੱਲੋਂ ਇਲਾਹੀ ਬਾਣੀ ਦੇ ਸਹਿਜ ਪਾਠ ਆਰੰਭ ਕਰਵਾਏ ਸਨ। ਜਿਸ ਦੇ ਭੋਗ ਉਪਰੰਤ ਦੀਵਾਨ ਸਜਾਇਆ ਗਿਆ, ਜਿਸ ਵਿਚ ਬਧੇਛਾ ਪਰਿਵਾਰ ਵੱਲੋਂ ਉਚੇਚੇ ਤੌਰ 'ਤੇ ਬੁਲਾਏ ਗਏ ਭਾਈ ਹਰਜੋਤ ਸਿੰਘ ਤੇ ਭਾਈ ਭਗੀਰਥ ਸਿੰਘ ਸਿਆਟਲ ਵਾਲੇ ਕਵੀਸ਼ਰੀ ਜਥੇ ਨੇ ਸਿੱਖ ਇਤਿਹਾਸ ਦੇ ਬੀਰ ਰਸੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮਿਲਪੀਟਸ ਗੁਰਦੁਆਰੇ ਦੇ ਮੁੱਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਨੇ ਭਾਵ ਪੂਰਤ ਤਕਰੀਰ ਕਰਦਿਆਂ ਸਿਆਟਲ ਵਾਲੇ ਕਵੀਸ਼ਰੀ ਜਥੇ ਦੇ ਨੌਜਵਾਨ ਬੱਚਿਆਂ ਅਤੇ ਭਾਈ ਮਨਪ੍ਰੀਤ ਸਿੰਘ ਬਧੇਛਾ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਬਦਲੇ ਉਚੇਚਾ ਧੰਨਵਾਦ ਕੀਤਾ ਅਤੇ ਇਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਸਿਖਿਆਰਥੀ ਚੇਤਨਾ ਕੈਂਪ ਨੇ ਸਾਹਮਣੇ ਲਿਆਂਦੀ ਸਮਾਜਿਕ ਤਸਵੀਰ- ਕਿਰਤੀ ਵਰਗ ਦੇ ਨੌਜਵਾਨਾਂ 'ਚ ਪੁੰਗਰੇ ਸਮਾਜਿਕ ਤਬਦੀਲੀ ਦੇ ਸੁਆਲ

**ਜਲੰਧਰ (ਬਿਊਰੋ)–**ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ 'ਚੋਂ ਵਿਦਾਇਗੀ ਸਮੇਂ ਸਿਖਿਆਰਥੀ ਜੋ ਮੁਲਕ ਦੀ ਹਾਲਤ, ਪੁਸਤਕ/ਫ਼ਿਲਮੀ ਸਭਿਆਚਾਰ; ਅਜੋਕੇ ਰਾਜਨੀਤਕ/ਸਮਾਜਕ ਮਾਹੌਲ, ਮੁਲਕ ਦੀ ਵਿਗੜੀ ਤੋਰ, ਇਨਕਲਾਬੀ ਸਮਾਜਕ ਤਬਦੀਲੀ ਦੇ ਆਸਾਰ ਬਾਰੇ ਜੋ ਆਪਣੇ ਅਨੁਭਵ, ਅਧਿਐਨ ਅਤੇ ਜੀਵਨ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਲਿਖਤੀ ਰੂਪ 'ਚ ਫਾਰਮ ਭਰਕੇ ਗਏ ਹਨ ਉਹ ਆਪਣੇ ਆਪ 'ਚ ਨੌਜਵਾਨ ਪੀੜ੍ਹੀ ਦੇ ਮਨ ਦੀ ਤਸਵੀਰ ਅਤੇ ਅੰਦਰੇ ਅੰਦਰ ਪਨਪਦੇ ਲਾਵੇ ਦਾ ਹਲਫ਼ੀਆ ਬਿਆਨ ਵੀ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ 'ਚ ਸ਼ਮੂਲੀਅਤ ਕਰਨ ਵਾਲੇ ਸਿਖਿਆਰਥੀਆਂ ਵੱਲੋਂ ਭਰੇ ਫਾਰਮਾਂ ਤੇ ਅਧਾਰਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਿੰਗੀ ਵਿੱਦਿਆ, ਰੁਜ਼ਗਾਰ ਦੇ ਹੱਕ ਤੇ ਲੱਗੀਆਂ ਬਰੇਕਾਂ, ਸਿੱਖਿਆ ਪ੍ਰਣਾਲੀ ਅੰਦਰ ਪਾਰ ਕਰ ਚੁੱਕੀ ਦਿਸ਼ਾ-ਹੀਣਤਾ ਅਤੇ ਸਥਾਪਤੀ ਵੱਲੋਂ ਆਪਣੀ ਮੁਨਾਫ਼ਾਖੋਰੀ ਦੇ ਅੰਬਾਰ ਤਿਆਰ ਕਰਨ ਲਈ ਲੋੜੀਂਦੇ ਨੌਜਵਾਨ ਪੀੜ੍ਹੀ ਦੇ ਪੁਰਜ਼ੇ ਤਿਆਰ ਕਰਨ ਦੀ ਪ੍ਰਵਿਰਤੀ ਅਤੇ ਯੋਜਨਾਬੰਦੀ ਉਪਰ ਕਰਾਰੀਆਂ ਚੋਟਾਂ ਕੀਤੀਆਂ ਗਈਆਂ ਹਨ।

ਸੁਲੱਖਣ ਵਰਤਾਰਾ ਇਹ ਸਾਹਮਣੇ ਆਇਆ ਹੈ ਕਿ ਥੋੜੀ ਗਿਣਤੀ 'ਚ ਹਾਈ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਵਿਸ਼ਾਲ ਗਿਣਤੀ ਪੀ. ਐਚ. ਡੀ., ਐਮ.ਐਸ.ਸੀ., ਬੀ.ਐਸ.ਸੀ., ਐਮ.ਟੈਕ, ਬੀ.ਟੈਕ., ਐਮ.ਫਿਲ., ਇਕਨਾਮਿਕਸ, ਮੈਡੀਕਲ ਸਾਇੰਸ ਆਦਿ ਦੇ ਵਿਦਿਆਰਥੀਆਂ ਦੀ ਸੀ। ਉਹਨਾਂ 'ਚ ਵੀ 90 ਪ੍ਰਤੀਸ਼ਤ ਦੇ ਕਰੀਬ ਮਜ਼ਦੂਰ ਪਰਿਵਾਰਾਂ ਵਿੱਚੋਂ/ ਕੋਈ 5 ਪ੍ਰਤੀਸ਼ਤ ਕਿਸਾਨ ਅਤੇ 5 ਪ੍ਰਤੀਸ਼ਤ ਮੁਲਾਜ਼ਮ ਪਰਿਵਾਰਾਂ ਨਾਲ ਸਬੰਧਤ ਸਨ। ਇਹ ਮਾਮੂਲੀ ਝਲਕ ਨਹੀਂ ਇਹ ਰੁਝਾਨ/ ਵਰਤਾਰਾ ਦਰਸਾਉਂਦਾ ਹੈ ਕਿ ਬੁਨਿਆਦੀ ਜਮਾਤਾਂ ਵਿੱਚੋਂ ਜ਼ਹੀਨ, ਚਿੰਤਕ ਨੌਜਵਾਨ ਲੜਕੇ/ਲੜਕੀਆਂ ਸਮਾਜਕ ਸਰੋਕਾਰਾਂ ਅਤੇ ਆਪਣੀ ਜ਼ਿੰਦਗੀ ਨੂੰ ਬੰਦ ਹਨੇਰ ਗੁਫ਼ਾ ਵੱਲ ਧੱਕੀਂ ਜਾ ਰਹੇ ਲੁੱਟ ਤੇ ਅਧਾਰਤ ਨਿਜ਼ਾਮ ਤੋਂ ਨਿਜ਼ਾਤ ਪਾਉਣ ਲਈ ਸੋਚਣ ਦੀ ਪ੍ਰਕਿਰਿਆ ਵੱਲ ਤੇਜ਼ੀ ਨਾਲ ਵਧ ਰਹੇ ਹਨ। ਇਹ ਚੇਤਨਾ ਕੈਂਪ ਦਾ ਹਾਸਲ ਹੈ, ਇਹਨਾਂ ਲੁੱਟੇ-ਪੁੱਟੇ ਲੋਕਾਂ ਵਿੱਚੋਂ ਨੌਜਵਾਨਾਂ ਦਾ ਵੱਡੀ ਗਿਣਤੀ 'ਚ ਆਉਣਾ।

ਇਸ ਵਰਤਾਰੇ ਦੀ ਝਲਕ ਉਸ ਕੁਲੈਹਣੀ ਰੁੱਤ ਵਿੱਚ ਸਾਹਮਣੇ ਆਈ ਹੈ ਜਦੋਂ ਸੈਲਫ਼ੀ ਕਲਚਰ, ਬਾਜ਼ਾਰੂ ਖਪਤਕਾਰੀ ਕਲਚਰ, ਜਾਤ-ਪਾਤੀ ਫ਼ਿਰਕੂ ਜ਼ਹਿਰ ਦੇ ਵਣਜਾਰੇ ਅੱਡੀ ਚੋਟੀ ਦਾ ਜ਼ੋਰ ਲਗਾ ਕੇ ਨੌਜਵਾਨਾਂ ਨੂੰ ਜ਼ਿੰਦਗੀ ਦੀਆਂ ਹਕੀਕਤਾਂ ਨਾਲੋਂ ਤੋੜਕੇ ਨਿੱਸਲ, ਉਦਾਸ ਕਰਕੇ ਖੁਦਕੁਸ਼ੀਆਂ, ਨਸ਼ਿਆਂ, ਗੈਂਗਵਾਰ ਅਤੇ ਭਰਾ-ਮਾਰ ਜੰਗ ਦੀ ਭੱਠੀ 'ਚ ਝੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ।





ਸਿਖਿਆਰਥੀ ਚੇਤਨਾ ਕੈਂਪ ਨੇ, 'ਭਾਰਤੀ ਸਮਾਜ 'ਚ ਵਰਗ ਵੰਡ ਦਾ ਇਤਿਹਾਸ ਅਤੇ ਅਜੋਕਾ ਦੌਰ', 'ਸਮਾਜਕ ਤਬਦੀਲੀ 'ਚ ਨੌਜਵਾਨਾਂ ਦੀ ਭੂਮਿਕਾ', 'ਰਾਜ ਅਤੇ ਇਨਕਲਾਬ' ਅਤੇ 'ਰੂਸੀ ਸਮਾਜਵਾਦੀ ਇਨਕਲਾਬ ਦਾ ਭਾਰਤੀ ਸਮਾਜ 'ਤੇ ਪ੍ਰਭਾਵ' ਵਿਸ਼ਿਆਂ ਉਪਰ ਗੰਭੀਰ ਚਰਚਾ ਛੇੜੀ। ਉਤਸ਼ਾਹਜਨਕ ਰੁਝਾਨ ਇਹ ਸਾਹਮਣੇ ਆਇਆ ਕਿ ਕੋਈ ਪੰਜ ਪੰਜ ਦਰਜਣ ਸਿਖਿਆਰਥੀਆਂ ਨੇ ਹਰੇਕ ਸੈਸ਼ਨ 'ਚ ਬੇਹੱਦ ਮਹੱਤਵਪੂਰਣ ਲਿਖਤੀ ਸੁਆਲ ਉਠਾਏ। ਭਾਸ਼ਣ ਕਰਤਾ ਵੱਲੋਂ ਗਹਿਰਾਈ 'ਚ ਜਾ ਕੇ ਜਵਾਬ ਦੇਣ ਦੇ ਬਾਵਜੂਦ ਵੀ ਚਾਹ-ਰੋਟੀ ਦੇ ਸੈਸ਼ਨ ਅਤੇ ਉਸ ਉਪਰੰਤ ਦੇਰ ਰਾਤ ਤੱਕ, ਸੌਣ ਦੇ ਸਮੇਂ ਵੇਲੇ ਵੀ ਮੋਬਾਇਲਾਂ 'ਤੇ ਚੈਟ ਚਰਚਾ ਕਰਨੀ ਛੱਡਕੇ ਸਿਖਿਆਰਥੀਆਂ ਨੂੰ ਗਰੁੱਪਾਂ ਵਿੱਚ ਗਹਿਰ-ਗੰਭੀਰ ਵਿਚਾਰ ਚਰਚਾ ਵਿੱਚ ਖੁਭਿਆਂ ਦੇਖਿਆ ਗਿਆ। ਆਪਣੀਆਂ ਮਨ ਪਸੰਦ ਪੁਸਤਕਾਂ ਲਿਖਣ ਵਾਲੇ ਕਾਲਮ 'ਚ ਸ਼ਹੀਦ ਭਗਤ ਸਿੰਘ, ਚੀ ਗੁਵੇਰਾ, ਡਾ. ਅੰਬੇਦਕਰ, ਤਰਕਸ਼ੀਲ ਸਾਹਿਤ, ਗਿਆਨ-ਵਿਗਿਆਨ, ਇਤਿਹਾਸ, ਸਾਹਿਤ ਅਤੇ ਕਲਾ ਆਦਿ ਪੁਸਤਕਾਂ ਦਾ ਵਧੇਰੇ ਜ਼ਿਕਰ ਕੀਤਾ ਗਿਆ। ਮਨਪਸੰਦ ਫ਼ਿਲਮਾਂ ਵਾਲੇ ਕਾਲਮ ਵਿੱਚ 1084ਵੇਂ ਦੀ ਮਾਂ, ਚਾਰਲੀ ਚੈਂਪਲਿਨ ਅਤੇ ਆਮਿਰ ਖਾਂ ਦੀਆਂ ਫ਼ਿਲਮਾਂ ਦਾ ਜ਼ਿਕਰ ਮਿਲਦਾ ਹੈ। ਸਮੂਹ ਸਿਖਿਆਰਥੀ ਇਹ ਸੰਕਲਪ ਲਿਖਕੇ ਗਏ ਹਨ ਕਿ ਸਾਨੂੰ ਸਿਖਣ ਲਈ ਉਹ ਕੁਝ ਮਿਲਿਆ ਜੋ ਕਾਲਜਾਂ/ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਨਹੀਂ ਮਿਲਦਾ।

ਸਿਖਿਆਰਥੀਆਂ ਲਿਖਿਆ ਹੈ ਕਿ ਚੇਤਨਾ ਕੈਂਪ ਸਾਡੀ ਜ਼ਿੰਦਗੀ ਅੰਦਰ ਅਭੁੱਲ ਯਾਦ ਹੀ ਨਹੀਂ ਬਣੇਗਾ ਸਾਨੂੰ ਜ਼ਿੰਦਗੀ ਦਾ ਮਾਰਗ-ਦਰਸ਼ਕ ਬਣੇਗਾ। ਉਹਨਾਂ ਲਿਖਿਆ ਹੈ ਕਿ ਅਸੀਂ ਦੇਸ਼ ਭਗਤ ਯਾਦਗਾਰ ਹਾਲ ਅੰਦਰ ਲੱਗਦੇ ਗ਼ਦਰੀ ਬਾਬਿਆਂ ਦੇ ਮੇਲੇ, ਨਿਰੰਤਰ ਸਮਾਗਮਾਂ 'ਚ ਸਰਗਰਮ ਯੋਗਦਾਨ ਤਾਂ ਪਾਵਾਂਗੇ ਹੀ ਆਪਣੇ ਪਿੰਡਾਂ/ਖੇਤਰਾਂ ਅੰਦਰ ਵੀ ਨਵੇਂ ਵਿਚਾਰਾਂ ਦੀ ਲੋਅ ਲੈ ਕੇ ਜਾ ਰਹੇ ਹਾਂ ਤਾਂ ਜੋ ਸਮਾਜ ਅੰਦਰ ਪਸਰੇ ਗੂੜ੍ਹੇ ਹਨੇਰੇ ਨੂੰ ਲੰਗਾਰ ਕੀਤਾ ਜਾ ਸਕੇ।

ਜ਼ਿਕਰਯੋਗ ਹੈ ਕਿ ਨਿੱਕੀ ਉਮਰ ਦੇ ਸਿਖਿਆਰਥੀ ਤਿੱਖੇ ਨਿਕਲੇ ਹਨ। ਮੁੱਲਵਾਨ ਗੱਲਾਂ ਲਿਖਕੇ ਜਾਣ ਅਤੇ ਗ੍ਰਹਿਣ ਕਰਨ ਵਿੱਚ ਉਹਨਾਂ ਦੀ ਨਿੱਕੀ ਉਮਰ ਵੱਡੀ ਉਮਰ ਵਾਲਿਆਂ ਨਾਲੋਂ ਕਿਸੇ ਤਰ੍ਹਾਂ ਵੀ ਨਿੱਕੀ ਅਤੇ ਪਿੱਛੇ ਨਹੀਂ ਰਹੀ। ਪੁਸਤਕਾਂ, ਸਰਟੀਫਿਕੇਟ ਦੇ ਤੋਹਫ਼ੇ ਤਾਂ ਲਿਜਾਂਦੇ ਸਮੇਂ ਉਹਨਾਂ ਮਾਣ ਅਤੇ ਖੁਸ਼ੀ ਮਹਿਸੂਸ ਕੀਤੀ ਹੀ ਹੈ ਕੁੱਝ ਨੇ ਸੁਝਾਅ ਵੀ ਦਿੱਤੇ ਹਨ ਕਿ ਜੇ ਅੱਗੇ ਤੋਂ ਹਾਲ ਦੇ ਅੰਦਰ ਜਾਂ ਕਿਸੇ ਹੋਰ ਢੁੱਕਵੀਂ ਥਾਂ ਜਾ ਕੇ ਹਰੇਕ ਸਿਖਿਆਰਥੀ ਨੂੰ ਘੱਟੋ ਘੱਟ ਇੱਕ ਪੌਦਾ ਲਾਉਣ ਦਾ ਮੌਕਾ ਮੁਹੱਈਆ ਕੀਤਾ ਜਾਏ, ਜਿਸਦਾ ਸਮਾਜ ਅਤੇ ਸਿਹਤ ਉਪਰ ਚੰਗਾ ਪ੍ਰਭਾਵ ਪਵੇਗਾ। ਸਿਖਿਆਰਥੀਆਂ ਨੇ ਅਜੇਹੇ ਕੈਂਪ ਸਾਲ 'ਚ ਇੱਕ ਤੋਂ ਵੱਧ ਵਾਰ ਲਾਉਣ ਅਤੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਵੀ ਸਿਖਿਆਰਥੀ ਚੇਤਨਾ ਕੈਂਪ ਲਾਉਣ, ਕੈਂਪਾਂ ਦੀ ਵੀਡੀਓਗ੍ਰਾਫ਼ੀ ਕਰਕੇ ਪ੍ਰੋਜੈਕਟਰ ਰਾਹੀਂ ਦਿਖਾਉਣ ਦੇ ਸੁਝਾਅ ਵੀ ਦਿੱਤੇ ਹਨ। ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਸਿਖਿਆਰਥੀ ਚੇਤਨਾ ਕੈਂਪ ਦੀ ਇਹ ਇਤਿਹਾਸਕ ਪ੍ਰਾਪਤੀ ਹੈ ਕਿਉਂਕਿ ਰੂਸੀ ਇਨਕਲਾਬ ਉਪਰੰਤ ਇਹ ਜ਼ੋਰਦਾਰ ਵਰਤਾਰਾ ਸਾਹਮਣੇ ਆਇਆ ਸੀ ਕਿ ਗ਼ਦਰੀ ਅਤੇ ਕਿਰਤੀ ਸੰਗਰਾਮੀਏਂ ਰੂਸ ਅੰਦਰ ਸਿੱਖਿਆ ਗ੍ਰਹਿਣ ਕਰਨ ਵੱਡੀ ਤਾਦਾਦ ਵਿੱਚ ਗਏ ਅੱਜ ਚੇਤਨਾ ਕੈਂਪ ਅੰਦਰ ਇਤਿਹਾਸਕ ਪਿਛੋਕੜ, ਵਰਤਮਾਨ ਅਤੇ ਭਵਿੱਖ ਬਾਰੇ ਸੰਵੇਦਨਸ਼ੀਲ ਚਰਚਾ ਅਤੇ ਸਰੋਕਾਰ ਸਾਹਮਣੇ ਆਏ।

# ਅਨੁਸੂਚਿਤ ਜਾਤੀ ਨਾਲ ਸਬੰਧਿਤ ਵਿਧਾਇਕਾਂ ਦੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨਾਲ ਮੀਟਿੰਗ





**ਚੰਡੀਗੜ੍ਹ (ਬਿਊਰੋ)–** 15ਵੀਂ ਪੰਜਾਬ ਵਿਧਾਨ ਸਭਾ ਦੇ ਚੁਣੇ ਗਏ ਅਨੁਸੂਚਿਤ ਜਾਤੀ ਨਾਲ ਸਬੰਧਿਤ ਵਿਧਾਇਕਾਂ ਦੀ ਮਾਨਯੋਗ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨਾਲ ਮਿਤੀ 22 ਜੂਨ ਨੂੰ ਮੀਟਿੰਗ ਹੋਈ।

ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਮੀਟਿੰਗ ਵਿੱਚ ਹਾਜਰ ਸਮੂਹ ਵਿਧਾਇਕਾਂ ਅਤੇ ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਮਿਸ਼ਨ ਵੱਲੋਂ ਇਹ ਮੀਟਿੰਗ ਇਸ ਮੰਤਵ ਲਈ ਰੱਖੀ ਗਈ ਹੈ ਕਿ ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਵਰਗ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਵੱਲੋਂ ਜੋ ਸਕੀਮਾਂ/ਪ੍ਰੋਗਰਾਮ ਉਲੀਕੇ ਹੋਏ ਹਨ ਉਹਨਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਵਾਉਣ ਲਈ ਹੋਰ ਕੀ ਉਪਰਾਲੇ ਕਰਨ ਦੀ ਜਰੂਰਤ ਹੈ ਅਤੇ ਇਸ ਵਰਗ ਦੀਆਂ ਹੋਰ ਜੋ ਸਮੱਸਿਆਵਾਂ/ ਮੁਸਕਲਾਤ/ ਸ਼ਿਕਾਇਤਾਂ ਹਨ ਉਹਨਾਂ ਦਾ ਸਮਾਧਾਨ ਕਿਵੇਂ ਕੀਤਾ ਜਾ ਸਕਦਾ ਹੈ।

ਚੇਅਰਮੈਨ ਸਾਹਿਬ ਜੀ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਹੋਰ ਲਾਗੂ ਹੋਣ ਵਾਲੇ ਪ੍ਰੋਗਰਾਮਾਂ ਅਤੇ ਸਮੱਸਿਆਵਾਂ ਸਬੰਧੀ ਰਾਜ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦੀ ਮੀਟਿੰਗਾਂ ਦਾ ਸਮੇਂ ਸਿਰ ਨਾ ਹੋਣਾ, ਜਿਸ ਕਾਰਨ ਸਰਕਾਰ ਨੂੰ ਢੁਕਵੀਆਂ ਸਿਫਾਰਸਾਂ ਨਹੀਂ ਭੇਜੀਆਂ ਗਈਆਂ।

ਇਸ ਤੋਂ ਇਲਾਵਾ ਇਸ ਵਰਗ ਦੇ ਹੋਰ ਮਸਲੇ ਵੀ ਸਰਕਾਰ ਦੇ ਧਿਆਨ ਵਿੱਚ ਨਹੀਂ ਲਿਆਂਦੇ ਜਾ ਸਕੇ। ਇਸ ਕਾਰਨ ਅਨੁਸੂਚਿਤ ਜਾਤੀਆਂ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਨੂੰ ਢੁਕਵੀਆਂ ਸਿਫਾਰਸ਼ਾ ਨਾ ਭੇਜਣ ਕਾਰਨ ਨਵੀਆ ਸਕੀਮਾਂ/ਪ੍ਰੋਗਰਾਮ ਨਹੀਂ ਉਲੀਕੇ ਜਾ ਸਕੇ। ਇਸ ਤੋਂ ਇਲਾਵਾ ਉਹਨਾਂ ਨੇ ਇਹ ਵੀ ਮਸ਼ਵਰਾ ਦਿੱਤਾ ਕਿ ਕਿਸੇ ਵੀ ਰਾਜਨੀਤਕ ਪਾਰਟੀ ਤੋਂ ਉਪਰ ਉੱਠ ਕੇ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਨਵੀਆਂ ਸਕੀਮਾਂ/ਪ੍ਰੋਗਰਾਮ ਅਤੇ ਤਜਵੀਜਾਂ ਦੇਣ ਤਾਂ ਕਿ ਉਹਨਾਂ ਤਜਵੀਜ਼ਾਂ ਨੂੰ ਵਿਚਾਰ ਕੇ ਸਰਕਾਰ ਨੂੰ ਯੋਗ ਸਿਫਾਰਸਾ ਕੀਤੀਆਂ ਜਾ ਸਕਣ।

ਇਸ ਉਪਰੰਤ ਸ੍ਰੀ ਅਜੈਬ ਸਿੰਘ ਭੱਟੀ, ਡਿਪਟੀ ਸਪੀਕਰ ਜੀ ਵੱਲੋਂ ਦੱਸਿਆ ਗਿਆ ਕਿ ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਦੇ ਵਿਧਾਇਕ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਵਾਪਰੀਆਂ ਅਣਸੁਖਾਵੀ ਘਟਨਾਵਾਂ ਕਾਰਨ ਨਹੀ ਆ ਸਕੇ।

ਇਸ ਲਈ ਉਹਨਾਂ ਨੇ ਸੁਝਾਅ ਦਿੱਤਾ ਕਿ ਨਿਕਟ ਭਵਿੱਖ ਵਿੱਚ ਸਾਰੀਆਂ ਰਾਜਸੀ ਪਾਰਟੀਆਂ ਦੇ ਵਿਧਾਇਕਾਂ ਦੀ ਮੀਟਿੰਗ ਬੁਲਾ ਕੇ ਉਹਨਾਂ ਦੀ ਸਹਿਮਤੀ ਲੈਣ ਉਪਰੰਤ ਅਨੁਸੂਚਿਤ ਜਾਤੀਆਂ ਦੇ ਸਰਬਪੱਖੀ ਵਿਕਾਸ ਲਈ ਕਮਿਸ਼ਨ ਦੇ ਸਹਿਯੋਗ ਨਾਲ ਇੱਕ ਸਾਂਝਾਂ ਏਜੰਡਾ ਤਿਆਰ ਕਰਨਾ ਚਾਹੀਦਾ ਹੈ ਤਾਂ ਕਿ ਵਿਚਾਰ ਵਟਾਂਦਰੇ ਦੇ ਫਲਸਰੂਪ ਸਰਕਾਰ ਨੂੰ ਢੁਕਵੀਆਂ ਸਿਫਾਰਸ਼ਾਂ ਕੀਤੀਆਂ ਜਾ ਸਕਣ ਅਗਲੀ ਮੀਟਿੰਗ ਬੁਲਾਉਣ ਲਈ ਸਰਬ ਸੰਮਤੀ ਨਾਲ ਸਾਰੇ ਹਾਜਰ ਵਿਧਾਇਕਾਂ ਅਤੇ ਮੈਂਬਰਾਂ ਨੇ ਡਿਪਟੀ ਸਪੀਕਰ ਸ੍ਰੀ ਅਜੈਬ ਸਿੰਘ ਭੱਟੀ ਨੂੰ ਅਧਿਕਾਰਤ ਕੀਤਾ ਗਿਆ। ਇਸ ਉਪਰੰਤ ਮੀਟਿੰਗ ਸਮਾਪਤ ਹੋ ਗਈ।

ਇਸ ਮੀਟਿੰਗ ਵਿੱਚ ਹੇਠ ਲਿਖੇ ਵਿਧਾਇਕ ਅਤੇ ਅਧਿਕਾਰੀ ਹਾਜਰ ਸਨ:– ਸ੍ਰੀ ਚਰਨਜੀਤ ਸਿੰਘ ਚੰਨੀ, ਮੰਤਰੀ, ਸ੍ਰੀ ਸਾਧੂ ਸਿੰਘ ਧਰਮਸੋਤ, ਭਲਾਈ ਮੰਤਰੀ, ਸ੍ਰੀਮਤੀ ਸਤਿਕਾਰ ਕੋਰ ਵਿਧਾਇਕਾਂ, ਸ੍ਰੀ ਤਰਸੇਮ ਸਿੰਘ ਵਿਧਾਇਕ, ਸ੍ਰੀ ਸੁਸੀਲ ਕੁਮਾਰ ਰਿੰਕੂ ਵਿਧਾਇਕ, ਸ੍ਰੀ ਪ੍ਰਿਤਮ ਸਿੰਘ ਵਿਧਾਇਕ, ਸ੍ਰੀ ਨੱਥੂ ਰਾਮ ਵਿਧਾਇਕ, ਸ੍ਰੀ ਪਵਨ ਆਦੀਆ ਵਿਧਾਇਕ, ਸ੍ਰੀ ਕੁਲਦੀਪ ਸਿੰਘ ਵੈਦ ਵਿਧਾਇਕ, ਸ੍ਰੀ ਲਖਵੀਰ ਸਿੰਘ ਵਿਧਾਇਕ, ਸ੍ਰੀ ਆਰ.ਕੇ.ਵੇਰਕਾ ਵਿਧਾਇਕ, ਡਾ. ਰਾਜ ਕੁਮਾਰ ਵਿਧਾਇਕ, ਸ੍ਰੀ ਜੋਗਿੰਦਰ ਪਾਲ ਵਿਧਾਇਕ, ਸ੍ਰੀ ਸੁਖਵਿੰਦਰ ਸਿੰਘ ਡੈਨੀ ਵਿਧਾਇਕ, ਸ੍ਰੀ ਸੁਰਿੰਦਰ ਸਿੰਘ, ਸ੍ਰੀ ਐਮ.ਐਸ.ਜੱਸੀ ਵਿਧਾਇਕ, ਸ੍ਰੀ ਸੰਤੋਖ ਸਿੰਘ ਬਲੀਆਪੁਰ, ਸ੍ਰੀਮਤੀ ਭਾਰਤੀ ਕੈਨੇਡੀ, ਸ੍ਰੀ ਬਾਬੂ ਸਿੰਘ ਪੰਜਾਵ, ਸ੍ਰੀ ਪ੍ਰਭ ਦਿਆਲ, ਸ੍ਰੀ ਰਾਜ ਕੁਮਾਰ ਹੰਸ, ਸ੍ਰੀ ਗਿਆਨ ਚੰਦ, ਸ੍ਰੀ ਦਰਸਨ ਸਿਘ, ਸ੍ਰੀ ਤਰਸੇਮ ਸਿੰਘ ਸਿਆਲਕਾ, ਸ੍ਰੀ ਮਲਵਿੰਦਰ ਸਿੰਘ ਜੱਗੀ, ਡਾਇਰੈਕਟਰ ਕਮ ਮੈਂਬਰ ਸਕੱਤਰ, ਸ੍ਰੀਮਤੀ ਬਿੰਦੂ ਵਾਲੀਆ, ਵਧੀਕ ਡਾਇਰੈਕਟਰ, ਸ੍ਰੀਮਤੀ ਅੰਜਨਾ ਸੰਧੂ, ਸੰਯੁਕਤ ਡਾਇਰੈਕਟਰ, ਸ੍ਰੀ ਸਰਬਜਿੰਦਰ ਸਿੰਘ ਰੰਧਾਵਾ ਉਪ ਡਾਇਰੈਕਟਰ।

# ਵਿਧਾਇਕ ਪਵਨ ਟੀਨੂੰ ਸ਼ਿਕਾਇਤ ਲੈ ਕੇ ਐਸਸੀ. ਕਮਿਸ਼ਨ ਪੰਜਾਬ ਦੇ ਦਰਬਾਰ ਪਹੁੰਚੇ

## ਚੇਅਰਮੈਨ ਐਸਸੀ. ਕਮਿਸ਼ਨ ਇਸ ਸ਼ਿਕਾਇਤ ਸਬੰਧੀ ਤਿੰਨ ਮੈਂਬਰੀ ਕਮੇਟੀ ਦਾ ਕੀਤਾ ਗਠਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਨੂੰ ਇਕ ਸ਼ਿਕਾਇਤ ਹਲਕਾ ਆਦਮਪੁਰ ਤੋ ਵਿਧਾਇਕ ਸ੍ਰੀ ਪਵਨ ਕੁਮਾਰ ਟੀਨੂੰ ਨੇ ਦਿਤੀ ਜਿਸ ਵਿਚ ਵਿਧਾਇਕ ਨੇ ਦੋਸ ਲਾਇਆ ਹੈ ਕਿ ਮਿਤੀ 21-6-2017 ਨੂੰ ਪੰਜਾਬ ਵਿਧਾਨ ਸਭਾ ਵਿੱਚ ਪ੍ਰਸਨਕਾਲ ਦੌਰਾਨ ਮੈਂ ਸਪੀਕਰ ਸਾਹਿਬ ਜੀ ਦੀ ਆਗਿਆ ਨਾਲ ਜਦ ਸ੍ਰੀ ਨਵਜੋਤ ਸਿੰਘ ਸਿੱਧੂ, ਸਥਾਨਕ ਸਰਕਾਰਾਂ ਮੰਤਰੀ ਪਾਸੋਂ ਲੋਕ ਹਿੱਤ ਵਿੱਚ ਇਕ ਸਵਾਲ ਪੁਛਿਆ ਤਾਂ ਇਸੇ ਦੌਰਾਨ ਸ੍ਰੀ ਸਿੱਧੂ ਨੇ ਜਵਾਬ ਦਿੰਦੀਆਂ ਮੇਰੇ ਵਿਰੁਧ ਭਾਸ਼ਾ ਦੀ ਵਰਤੋ ਕੀਤੀ ਅਤੇ ਉਸ ਨੇ ਮੇਰੀ ਬੇਜਿਝਤੀ ਕਰਨ ਵਾਲਾ ਵਤੀਰਾ ਆਪਣਇਆ।

ਵਿਧਾਨ ਸਭਾ ਤੋਂ ਬਾਹਰ ਆ ਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਵੀ ਸ੍ਰੀ ਸਿੱਧੂ ਨੇ ਮਰੇ ਵਿਰੁੱਧ ਭੱਦੀ ਭਾਸ਼ਾ ਦੀ ਵਰਤੋ ਕੀਤੀ ਹੈ। ਸ੍ਰੀ ਟੀਨੂੰ ਨੇ ਆਪਣੀ ਸਿਕਾਇਤ ਵਿੱਚ ਇਹ ਵੀ ਲਿਖਿਆ ਹੈ ਕਿ ਮਿਤੀ 22-6-17 ਨੂੰ ਵੀ ਵਿਰੋਧੀ



ਧਿਰ ਦੇ ਸਾਰੇ ਐਸ. ਸੀ. ਮੈਬਰਾਂ ਦੀ ਕੁੱਟਮਾਰ ਹੋਈ ਹੈ ਅਤੇ ਪੱਗਾਂ ਲੱਥੀਆਂ ਹਨ। ਉਨਾਂ ਨ ਕਸਿਮਨ ਤੋ ਇਨਸਾਫ ਦੀ ਮੰਗ ਕੀਤੀ ਹੈ।

ਕਮਿਸ਼ਨ ਨੂੰ ਸ਼ਿਕਾਇਤ ਦੇਣ ਸਮੇਂ ਸ੍ਰੀ ਬਲਦੇਵ ਖਹਿਰਾ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਸ੍ਰੀ ਸੋਮ ਪ੍ਰਕਾਸ਼ ਮੌਜੂਦਾ ਐਮ.ਐਲ.ਏ. ਅਤੇ ਸ੍ਰੀ ਤੀਕਸਣ ਸੂਦ, ਸਾਬਕਾ ਮੰਤਰੀ ਵੀ ਸ੍ਰੀ ਟੀਨੂੰ ਦੇ ਨਾਲ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਦੇ ਨਾਲ ਕਮਿਸ਼ਨ ਦੇ ਹੋਰ ਮੈਂਬਰ ਸ੍ਰੀਮਤੀ ਭਾਰਤੀ ਕੈਨੇਡੀ, ਸ੍ਰੀ ਬਾਬੂ ਪੰਜਾਵਾਂ, ਸ੍ਰੀ ਗਿਆਨ ਚੰਦ, ਸ੍ਰੀ ਪ੍ਰਭ ਦਿਆਲ, ਸ੍ਰੀ ਰਾਜ ਕੁਮਾਰ ਹੰਸ ਡਾਕਟਰ ਤਰਸੇਮ ਸਿੰਘ ਸਿਆਲਕਾ ਅਤੇ ਸ੍ਰੀ ਦਰਸ਼ਨ ਸਿੰਘ ਵੀ ਮੌਜੂਦ ਸਨ।

ਕਮਿਸ਼ਨ ਦੇ ਚੇਅਰਮੈਨ ਸ੍ਰੀ ਰਜੇਸ ਬਾਘਾ ਨੇ ਇਸ ਸਿਕਾਇਤ ਦੀ ਪੜਤਾਲ ਵਾਸਤੇ ਕਮਿਸ਼ਨ ਦੇ ਤਿੰਨ ਮੈਬਰਾਂ ਦੀ ਇਕ ਕਮੇਟੀ ਗਠਿਤ ਕੀਤੀ ਹੈ ਜਿਸ ਵਿੱਚ ਸੀਨੀਅਰ ਵਾਈਸ ਚੇਅਰਮੈਨ, ਸ੍ਰੀ ਰਾਜ ਸਿੰਘ ਸ੍ਰੀ ਪ੍ਰਭ ਦਿਆਲ ਅਤੇ ਸ੍ਰੀ ਰਾਜ ਕੁਮਾਰ ਹੰਸ ਸ਼ਾਮਲ ਹਨ। ਇਹ ਤਿੰਨ ਮੈਬਰੀ ਕਮੇਟੀ ਸਾਰੇ ਮਾਮਲੇ ਦੀ ਜਾਂਚ ਕਰਕੇ ਦਸ ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰੇਗੀ।

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ 2 ਜੁਲਾਈ ਨੂੰ

**ਸ਼ਿਕਾਗੋ (ਬਿਊਰੋ)–** ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦਾ ਖੇਡ ਅਤੇ ਸਭਿਆਚਾਰਕ ਮੇਲਾ ਆਉਂਦੀ 2 ਜੁਲਾਈ, ਐਤਵਾਰ ਨੂੰ ਇਥੇ ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ, ਐਲਕ ਗਰੂਵ ਵਿਲੇਜ ਵਿਖੇ ਸਵੇਰੇ 11 ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਟੂਰਨਾਮੈਂਟ ਦੌਰਾਨ ਚੋਟੀ ਦੇ ਕਬੱਡੀ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ। ਕਲੱਬ ਪ੍ਰਧਾਨ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਚੇਅਰਮੈਨ ਸ. ਬਲਦੇਵ ਸਿੰਘ ਸੱਲ੍ਹਾਂ ਵਲੋਂ ਜਾਰੀ ਬਿਆਨ ਅਨੁਸਾਰ ਟੂਰਨਾਮੈਂਟ ਦੌਰਾਨ ਵਾਲੀਬਾਲ ਦੇ ਮੈਚ ਵੀ ਹੋਣਗੇ। ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ। ਇਸ ਤੋਂ ਇਲਾਵਾ ਬੀਬੀਆਂ ਤੇ ਬਜ਼ੁਰਗਾਂ ਦੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਮੇਲੇ ਲਈ ਪਾਰਕਿੰਗ ਮੁਫਤ ਹੋਵੇਗੀ। ਮੇਲੀਆਂ ਲਈ ਮੁਫਤ ਰੋਟੀ-ਪਾਣੀ ਤੇ ਠੰਡੇ-ਬੱਤੇ ਅਤੇ ਬੀਬ-ਿਆਂ ਲਈ ਫਰੀ ਮਹਿੰਦੀ ਦਾ ਵੀ ਉਚੇਚਾ ਪ੍ਰਬੰਧ ਹੋਵੇਗਾ।



ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਮਿਲਵਾਕੀ ਤੋਂ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ ਦਿੱਤਾ ਜਾਵੇਗਾ। ਦੂਜੇ ਇਨਾਮ ਦੇ ਸਪਾਂਸਰ ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ (ਇੰਡੀਆਨਾ) ਹੋਣਗੇ। ਮੇਲੇ ਦੇ ਮੁੱਖ ਮਹਿਮਾਨ ਰਾਜ ਗਾਇਕ ਹੰਸ ਰਾਜ ਹੰਸ ਹੋਣਗੇ ਜਦਕਿ ਗੈਸਟ ਆਫ ਆਨਰ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਨੀਤਾ ਭੂਸ਼ਨ, ਸਮਾਜ ਸੇਵੀ ਸ. ਐਸ ਪੀ ਸਿੰਘ ਓਬਰਾਏ, ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਅਤੇ ਸ. ਮਨਜੀਤ ਸਿੰਘ ਰਾਜਪੁਰ ਭਾਈਆਂ ਹੋਣਗੇ।

ਕਬੱਡੀ ਮੈਚਾਂ ਉਪਰੰਤ ਚੋਟੀ ਦੇ ਗਾਇਕ ਰੁਪਿੰਦਰ ਹਾਂਡਾ, ਸ਼ੈਰੀ ਮਾਨ ਅਤੇ ਜੈਸਮੀਨ ਸੈਂਡਲਸ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਰੰਗਾ ਰੰਗ ਅਖਾੜਾ ਲਾਉਣਗੇ। ਕਲੱਬ ਨੇ ਸਭਨਾਂ ਨੂੰ ਮੇਲੇ ਲਈ ਸੱਦਾ ਦਿੰਦਿਆਂ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਫੈੱਡਰੇਸ਼ਨ ਵਲੋਂ ਰੋਸ ਮਾਰਚ







**ਹਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ. ਸੀ. ਬੀ. ਸੀ. ਇੰਪਲਾਈਜ਼ ਵੈੱਲਫੈਅਰ ਫੈੱਡਰੇਸ਼ਨ ਪੰਜਾਬ ਵਲੋਂ ਸੂਬਾ ਚੇਅਰਮੈਨ ਸ. ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਸਦਰ ਥਾਣਾ ਹਸ਼ਿਆਰਪੁਰ ਤੋਂ ਜ਼ਿਲ੍ਹਾ ਕੰਪਲੈਕਸ ਹੁਸ਼ਿਆਰ ਪੁਰ ਤੱਕ ਪੰਜਾਬ ਸਰਕਾਰ ਵਿਰੁਧ ਐੱਸ.ਸੀ.ਬੀ.ਸੀ. ਮੁਲਾਜ਼ਮਾਂ ਅਤੇ ਸਮਾਜ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਵਿਸ਼ਾਲ ਰੋਸ ਮਾਰਚ ਕੀਤਾ ਗਿਆ।ਰੋਸ ਮਾਰਚ ਵਿਚ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਸ਼ਾਮਿਲ ਹੋਏ।ਅਬਜਰਬਰ ਵਜੋਂ ਕਪੂਰਥਲਾ ਦੇ ਪ੍ਰਧਾਨ ਸ਼੍ਰੀ ਸਤਵੰਤ ਸਿੰਘ ਟੂਰਾ ਅਤੇ ਜ਼ਿਲ੍ਹਾ ਜਲੰਧਰ ਤੋਂ ਪਰਮਜੀਤ ਸਿੰਘ ਆਪਣੀਆਂ ਟੀਮਾਂ ਸਮੇਤ ਪਹੁੰਚੇ। ਰੋਸ ਮਾਰਚ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਸ਼੍ਰੀ ਬਲਰਾਜ ਕੁਮਾਰ, ਪ੍ਰਿੰਸੀ. ਸ਼ਿਵ ਸਿੰਘ, ਪ੍ਰਿੰਸੀ. ਜੈ ਸਿੰਘ ਹੀਰਾ, ਲੈਕ. ਬਲਦੇਵ ਸਿੰਘ ਧੁੱਗਾ, ਲੈਕ. ਬਲਜੀਤ ਸਿੰਘ, ਡਾ. ਜਸਵੰਤ ਰਾਏ ਨੇ ਕਿਹਾ ਕਿ ਐੱਸ. ਸੀ. ਬੱਚਿਆਂ ਦੀਆਂ ਕਿਤਾਬਾਂ, ਵਜ਼ੀਫਾ, ਬੇਰੁਜ਼ਗਾਰਾਂ ਦਾ ਬੇਰੁਜ਼ਗਾਰੀ ਭੱਤਾ, 10.10.14 ਦਾ ਰਾਖਵਾਂਕਰਨ ਵਿਰੋਧੀ ਪੱਤਰ, ਅਬਾਦੀ ਅਨੁਸਾਰ ਰਾਖਵਾਂਕਰਨ, ਬੈਕ ਲਾਗ ਪੂਰਾ ਕਰਨ, ਠੇਕੇ ਤੇ ਭਰਤੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਅਤੇ ਬਲਾਕ ਪੱਧਰ ਤੇ ਡਾ. ਅੰ-ਬੇਡਕਰ ਕਮਿਊਨਿਟੀ ਸੈਂਟਰਾਂ ਦੀ ਜਲਦੀ ਤੋਂ ਜਲਦੀ ਉਸਾਰੀ ਕਰਵਾਈ ਜਾਵੇ।ਰੋਸ ਮਾਰਚ ਉਪਰੰਤ ਵਧੀਕ ਏ. ਡੀ. ਸੀ. ਹੁਸ਼ਿਆਰ ਪੁਰ ਸ਼੍ਰੀ ਜਸਬੀਰ ਸਿੰਘ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ।

ਅੰਤ ਵਿਚ ਜ਼ਿਲ੍ਹਾ ਪ੍ਰਧਾਨ ਵਲੋਂ ਰੋਸ ਮਾਰਚ ਵਿਚ ਹਾਜ਼ਰ ਹੋਏ ਜ਼ਿਲ੍ਹੇ ਦੇ ਸਾਰੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ।ਰੋਸ ਮਾਰਚ ਵਿਚ ਅਮਰਜੀਤ ਸਿੰਘ, ਬਲਵਿੰਦਰ ਸਿੰਘ, ਜਤਿੰਦਰ ਸਿੰਘ, ਜਰਨੈਲ ਸਿੰਘ ਸੀਕਰੀ, ਜਸਬੀਰ ਸਿੰਘ, ਦਵਿੰਦਰ ਸਿੰਘ ਕਲਸੀਆ, ਯੋਧਾ ਮੱਲ, ਸੁਰਜੀਤ ਰਾਜਾ, ਲੈਕ. ਸੁਖਵਿੰਦਰ ਸਿੰਘ, ਹੰਸ ਰਾਜ ਹੰਸ, ਸੰਦੀਪ ਸਿੰਘ, ਚਮਨ ਲਾਲ, ਗੁਲਜ਼ਾਰੀ ਲਾਲ, ਕਸ਼ਮੀਰ ਸਿੰਘ, ਕੁਲਵੰਤ ਸਿੰਘ, ਲਖਵੀਰ ਸਿੰਘ, ਗੁਰਦਰਸ਼ਨ ਸਿੰਘ, ਦਵਿੰਦਰ ਸਿੰਘ, ਬਲਵੀਰ ਸਿੰਘ, ਲਖਵਿੰਦਰ ਰਾਮ, ਪ੍ਰਿਥੀਪਾਲ ਸਿੰਘ, ਸੰਜੀਵ ਕੁਮਾਰ ਮਾਨਾ, ਲਖਵਿੰਦਰ ਸਿੰਘ ਲੱਖੂ, ਲੈਕ. ਬਲਵਿੰਦਰ ਸਿੰਘ, ਅਮਰਜੀਤ ਸਿੰਘ, ਜਸਵੀਰ ਸਿੰਘ, ਸੁਰਜੀਤ ਸਿੰਘ ਨੂਰਪੁਰ ਅਤੇ ਸੈਕੜੇ ਵਰਕਰ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਏ ਜਾਣ 'ਤੇ ਸਮੂਹ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ ਲੱਖ ਵਧਾਈ।

ਆਓ ਆਪਾਂ ਸਭ ਰਲ-ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਉਪਰੋਕਤ ਦਿਨਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।





ਪ੍ਰਧਾਨ ਕਸ਼ਮੀਰੀ ਭਾਟੀਆ ਜੀ
ਅਤੇ ਉਹਨਾਂ ਦੀ ਸੁਪਤਨੀ

# ਕਸ਼ਮੀਰੀ ਭਾਟੀਆ

## ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ)

## (408)460-0262

## ਅਤੇ ਸਮੂਹ ਭਾਟੀਆ ਪਰਿਵਾਰ


# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**BUFFET LUNCH 11:00 AM To 3:00 PM**

We are open seven days 11 AM to 10 PM

Contact Us:

**Ph. 510-885-1212**
**Fax. 510-885-1532**



# L.A. MERCHANDISE
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**500 N. Palora Ave. Yuba City, CA 95991**



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**530-671-0439, Fax 530-822-0439 Cell- 530-844-3250**

# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਪਹਿਲਾ ਗੁਰਮਤਿ ਕੈਂਪ ਸਫਲਤਾ ਪੂਰਵਕ ਸੰਪੰਨ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


**ਔਰਲੈਂਡ (ਡੀ. ਡੀ. ਬੀ.)-** ਪਿਛਲੇ ਦਿਨੀਂ 'ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ' ਨੇ ਸਮੂਹ ਪੰਜਾਬੀ ਭਾਈਚਾਰੇ ਦੇ ਪਰਿਵਾਰਾਂ ਦੇ ਸਹਿਯੋਗ ਨਾਲ ਵਿਸਾਖੀ ਮੇਲਾ ਸਫਲਤਾ ਪੂਰਵਕ ਕਰਵਾਇਆ ਸੀ। ਇਸ ਸਾਲ ਇਹ ਦੂਸਰਾ ਵਿਸਾਖੀ ਮੇਲਾ ਸੀ ਤੇ ਇਸ ਤੋਂ ਪਹਿਲਾਂ 'ਤੀਆਂ ਦਾ ਮੇਲਾ' ਵੀ ਕਰਵਾ ਚੁੱਕੇ ਹਨ। ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਆਪਣੇ ਪੰਜਾਬੀ ਭਾਈਚਾਰੇ ਨੂੰ ਸਮਾਜਿਕ ਰੁਚੀਆਂ ਦੇ ਨਾਲ ਨਾਲ ਸਿੱਖ ਧਰਮ ਤੇ ਆਪਣੇ ਸਭਿਆਚਾਰ ਦੇ ਅਮੀਰ ਵਿਰਸੇ ਪ੍ਰਤੀ ਜਾਣਕਾਰੀ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਰਹਿੰਦੀ ਹੈ।

ਪਿਛਲੇ ਦਿਨੀਂ ਵਿਸਾਖੀ ਮੇਲੇ ਦੌਰਾਨ ਤੁਰੰਤ ਇਕ ਹੋਰ ਅਹਿਮ ਫੈਸਲਾ ਲਿਆ ਕਿ ਇੱਥੋਂ ਦੇ ਜੰਮਪਲ ਬੱਚਿਆਂ ਨੂੰ ਕਿਵੇਂ ਆਪਣੇ ਧਰਮ ਤੇ ਸਭਿਆਚਾਰ ਪ੍ਰਤੀ ਅਮੀਰ ਬਣਾਉਣਾ ਹੈ ਤਾਂ ਉਹਨਾਂ ਇਕ ਗੁਰਮਤਿ ਸਿਖਲਾਈ ਕੈਂਪ ਲਗਾਉਣ ਦਾ ਫੈਸਲਾ ਕਰ ਲਿਆ ਜੋ 19 ਜੂਨ ਨੂੰ ਆਰੰਭ ਹੋਇਆ ਤੇ 25 ਜੂਨ ਨੂੰ ਸਮਾਪਤੀ ਕੀਤੀ ਗਈ। ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਇਹ ਪਹਿਲਾ ਗੁਰਮਤਿ ਸਿਖਲਾਈ ਕੈਂਪ ਸੀ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ (ਪੰਜਾਬ) ਤੋਂ ਮਾਨਤਾ ਪ੍ਰਾਪਤ ਨਾਨਕ ਸਦਨ ਗੁਰਮਤਿ ਸੰਗੀਤ ਅਕੈਡਮੀ, ਲਾਸ ਏਂਜਲਸ (ਕੈਲੇਫੋਰਨੀਆ) ਦੇ ਪ੍ਰੋਫੈਸਰ ਸ. ਕੰਵਰਜੀਤ ਸਿੰਘ ਜੀ ਦੀ ਦੇਖ ਰੇਖ ਵਿਚ ਨਿਰਵਿਘਨ ਸਫਲਤਾ ਪੂਰਵਕ ਸੰਪੰਨ ਹੋਇਆ।

ਇਸ ਗੁਰਮਤਿ ਸਿਖਲਾਈ ਕੈਂਪ ਦੌਰਾਨ 21 ਬੱਚੇ-ਬੱਚੀਆਂ ਨੇ ਭਾਗ ਲਿਆ, ਜਿਹਨਾਂ ਤਨੋਂ, ਮਨੋਂ, ਸੱਚੇ ਦਿਲੋਂ, ਤੜਕੇ ਸਵੇਰ ਤੋਂ ਲੈ ਕੇ ਸ਼ਾਮ ਦੇਰ ਤੱਕ ਗਰਮੀ ਦੀ ਪਰਵਾਹ ਨਾ ਕਰਦਿਆਂ ਸਕੂਲ ਦੀਆਂ ਛੁੱਟੀਆਂ ਦਾ ਭਰਪੂਰ ਫਾਇਦਾ ਲੈਂਦਿਆਂ ਆਪਣੇ ਪਿਆਰੇ-ਨਿਆਰੇ ਸਿੱਖ ਧਰਮ ਪ੍ਰਤੀ ਬਾਲ ਅਵਸਥਾ 'ਚ ਗਹਿਨ ਗਿਆਨ ਪ੍ਰਾਪਤ ਕੀਤਾ।

ਛੋਟੇ-ਛੋਟੇ ਬੱਚੇ-ਬੱਚੀਆਂ ਨੂੰ ਕੁਝ ਵੀ ਸਿਖਾਉਣਾ, ਖਾਸ ਕਰਕੇ ਆਪਣੇ ਧਰਮ ਤੇ ਸਭਿਆਚਾਰ ਬਾਰੇ ਜਾਗਰੂਕ ਕਰਨਾ, ਉਹ ਵੀ ਆਪਣੇ ਮੂਲ ਦੇਸ਼ ਤੋਂ ਬਾਹਰ ਜਿੱਥੇ ਅਲੱਗ-ਅਲੱਗ ਧਰਮ-ਸਭਿਆਚਾਰ, ਬੋਲੀਆਂ ਹੋਣ, ਬਹੁਤ ਕਠਿਨ ਹੁੰਦਾ ਹੈ। ਪਰ ਉਦਮ, ਲਗਨ ਤੇ ਅਨੁਸ਼ਾਸਨ 'ਚ ਰਹਿ ਕੇ ਸਭ ਕੁਝ ਹਾਸਲ ਕੀਤਾ ਜਾ ਸਕਦਾ ਹੈ ਜੋ ਇੱਥੇ ਗੁਰਮਤਿ ਕੈਂਪ ਦੇ ਆਖਰੀ ਦਿਨ 25 ਜੂਨ ਨੂੰ ਦੇਖਣ 'ਚ ਨਜ਼ਰ ਆਇਆ।

ਇਹ ਸਭ ਬੱਚੇ-ਬੱਚੀਆਂ ਦੇ ਮਾਤਾ-ਪਿਤਾ ਵੱਲੋਂ ਤਿਆਰ ਕਰਕੇ ਭੇਜਣਾ ਤੇ ਹੱਲਾਸ਼ੇਰੀ ਦੇਣਾ ਅਤੇ ਪ੍ਰੋਫੈਸਰ ਕੰਵਰਜੀਤ ਸਿੰਘ ਜੀ ਦੀ ਸੁਚੱਜੀ ਅਗਵਾਈ ਤੇ ਸਿਖਲਾਈ ਦਾ ਕਮਾਲ ਸੀ। ਪ੍ਰੋਫੈਸਰ ਕੰਵਰਜੀਤ ਸਿੰਘ ਜੀ ਨੂੰ ਆਪਣੇ ਪੂਜਨੀਕ ਪਿਤਾ ਭਾਈ ਸਾਹਿਬ ਭਾਈ ਅਮਰਜੀਤ ਸਿੰਘ ਯੋਗੀ ਜੀ ਤੇ ਆਪਣੀ ਸੁਪਤਨੀ ਕੰਵਰਜੀਤ ਕੌਰ ਜੀ ਦਾ ਸੰਪੂਰਨ ਸਹਿਯੋਗ ਸੀ। ਇਹਨਾਂ ਤੋਂ ਇਲਾਵਾ ਪ੍ਰੋਫੈਸਰ ਜੀ ਆਪਣੇ ਨਾਲ ਆਪਣੀ ਅਕੈਡਮੀ ਤੋਂ ਇਕ ਆਪਣਾ ਸ਼ਾਗਿਰਦ ਪ੍ਰਮੀਤ ਸਿੰਘ ਨੂੰ ਵੀ ਨਾਲ ਲੈ ਕੇ ਆਏ ਸਨ, ਜਿਸ ਨੇ ਬੱਚਿਆਂ ਨੂੰ ਤਬਲੇ (ਜੋੜੀ) ਵਜਾਉਣ ਦਾ ਗਿਆਨ ਦਿੱਤਾ।

ਇਸ ਗੁਰਮਤਿ ਸਿਖਲਾਈ ਕੈਂਪ ਦੌਰਾਨ ਬੱਚਿਆਂ ਨੂੰ ਗੁਰਮਤਿ ਸੰਗੀਤ, ਪੰਜਾਬੀ ਮਾਤ ਭਾਸ਼ਾ, ਤਬਲਾ, ਗਤਕਾ, ਕਵਿਤਾਵਾਂ, ਲੰਗਰ ਸੇਵਾ, ਦਸਤਾਰਬੰਦੀ ਆਦਿ ਦੀ ਸਿਖਲਾਈ ਦਿੱਤੀ ਗਈ। ਗੁਰਬਾਣੀ ਦੀ ਸੰਥਿਆ ਦੀ ਸੇਵਾ ਭਾਈ ਸਾਹਿਬ ਭਾਈ ਅਮਰਜੀਤ ਸਿੰਘ ਯੋਗੀ ਨੇ ਨਿਭਾਈ ਅਤੇ ਉਹਨਾਂ ਅਖੀਰਲੇ ਦਿਨ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਨਾਨਕ ਸਦਨ ਗੁਰਮਤਿ ਅਕੈਡਮੀ ਨੂੰ ਮਦਦ ਲਈ ਬੇਨਤੀ ਕੀਤੀ। ਪੰਜਾਬੀ ਮਾਂ ਬੋਲੀ ਬਾਰੇ ਸਿੱਖਿਆ ਬੀਬੀ ਕਮਲਜੀਤ ਕੌਰ ਅਤੇ ਬੀਬੀ ਮਨਦੀਪ ਕੌਰ ਜੀ ਨੇ ਨਿਭਾਈ।


ਗੁਰਮਤਿ ਕੈਂਪ ਦੌਰਾਨ ਰੋਜ਼ਾਨਾ ਸ਼ਾਮਾਂ ਨੂੰ ਦੀਵਾਨ ਸਜਾਏ ਜਾਂਦੇ ਸਨ, ਜਿਸ ਵਿਚ ਸੰਗਤਾਂ ਦਾ ਭਰਪੂਰ ਸਹਿਯੋਗ ਰਿਹਾ ਤੇ ਲੰਗਰ ਦੀ ਸੇਵਾ ਬੀਬੀਆਂ ਬਲਜੀਤ ਕੌਰ ਗਰੇਵਾਲ, ਪ੍ਰਮਜੀਤ ਕੌਰ, ਸੁਖਵੰਤ ਕੌਰ, ਮਨਪ੍ਰੀਤ ਕੌਰ, ਪ੍ਰਮਜੀਤ ਬਡਵਾਲ ਅਤੇ ਹਰਜਿੰਦਰ ਕੌਰ ਆਦਿ ਵੱਲੋਂ ਕਰਵਾਈ ਜਾਂਦੀ ਸੀ।

ਰੋਜ਼ਾਨਾ ਸ਼ਾਮਾਂ ਦੇ ਦੀਵਾਨ ਸਜਾਏ ਜਾਣ ਤੋਂ ਪਹਿਲਾਂ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਸੀ ਤੇ ਗੁਰਮਤਿ ਕੈਂਪ ਦੇ ਆਖਰੀ ਦਿਨ ਸਾਰੇ ਸ਼ਸਤਰ ਸਜਾ ਕੇ, ਸਾਰੇ ਬੱਚਿਆਂ ਨੇ ਆਪਣੇ ਸਿਖਲਾਈ ਦੇ ਜੌਹਰ ਦਿਖਾਏ। ਜਿਸ ਨੂੰ ਦੇਖ ਕੇ ਬੱਚਿਆਂ ਦੇ ਮਾਤਾ-ਪਿਤਾ, ਭੈਣ-ਭਰਾ ਤੇ ਹੋਰ ਆਈਆਂ ਸੰਗਤਾਂ ਨੇ ਬੜਾ ਮਾਣ ਮਹਿਸੂਸ ਕੀਤਾ, ਕਿਵੇਂ ਛੋਟੇ-ਛੋਟੇ ਬੱਚੇ ਇਹਨਾਂ 7 ਦਿਨਾਂ 'ਚ ਇੰਨਾ ਕੁਝ ਹਾਸਲ ਕਰ ਰਹੇ ਸਨ। 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਖੁਦ ਪਹੁੰਚ ਕੇ ਇਸ ਸਾਰੇ ਦਿਨ ਦੀ ਕਾਰਗੁਜ਼ਾਰੀ ਨੂੰ ਕਲਮਬੰਦ ਕੀਤਾ ਤੇ ਆਪਣੇ ਕੈਮਰੇ 'ਚ ਕਵਰ ਕੀਤਾ।

ਇਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ 'ਚ ਸੰਗਤਾਂ ਨੇ ਸਿਖਿਆਰਥੀ ਬੱਚਿਆਂ ਪਾਸੋਂ ਜੋ

**(ਬਾਕੀ ਸਫਾ 14 ਤੇ)**

# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਪਹਿਲਾ ਗੁਰਮਤਿ ਕੈਂਪ ਸਫਲਤਾ ਪੂਰਵਕ ਸੰਪੰਨ


















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਪਹਿਲਾ ਗੁਰਮਤਿ ਕੈਂਪ ਸਫਲਤਾ ਪੂਰਵਕ ਸੰਪੰਨ





















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਪਹਿਲਾ ਗੁਰਮਤਿ ਕੈਂਪ ਸਫਲਤਾ ਪੂਰਵਕ ਸੰਪੰਨ



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਸਿੱਖਿਆ, ਸ਼ਬਦ ਗਾਇਨ ਅਤੇ ਕਵਿਤਾ ਆਦਿ ਦੇ ਰੂਪ ਵਿਚ ਸਰਵਨ ਕੀਤਾ।

ਸਟੇਜ ਦੀ ਸੇਵਾ ਸੰਭਾਲਦਿਆਂ ਸੁਸਾਇਟੀ ਦੇ ਫਾਊਂਡਰ ਸ. ਅਜੀਤ ਸਿੰਘ ਗਰੇਵਾਲ ਨੇ ਸਮੂਹ ਸੰਗਤਾਂ ਦਾ ਪਧਾਰਨ ਲਈ ਜੀ ਆਇਆਂ ਨੂੰ ਆਖਿਆ ਤੇ ਅਗਲੀ ਕਾਰਵਾਈ ਲਈ ਸੁਸਾਇਟੀ ਦੀ ਹੋਣਹਾਰ ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ ਨੂੰ ਸਟੇਜ ਸੰਭਾਲਣ ਲਈ ਸੱਦਾ ਦਿੱਤਾ। ਪ੍ਰਧਾਨ ਥਿਆੜਾ ਨੇ ਵਾਰੋ ਵਾਰੀ ਅਲੱਗ-ਅਲੱਗ ਬੁਲਾਰੇ ਤੇ ਬੱਚਿਆਂ ਨੂੰ ਸੱਦਾ ਦਿੱਤਾ। ਬੀਬੀ ਨਾਨਕੀ ਜੀ ਗਰੁੱਪ ਦੇ ਬੱਚੇ ਸੁਖਮਨ, ਰੂਪਕ, ਜੈਪ੍ਰੀਤ, ਸੁੱਖੀ, ਸਹਿਜ, ਸਿਮਰਨ, ਕਮਲ ਨੇ ਗੁਰੂ ਮੇਰੇ ਸੰਗ ਸਦਾ ਹੈ ਨਾਲਿ ਸ਼ਬਦ ਗਾਇਨ ਕੀਤਾ। ਇਸ ਉਪਰੰਤ ਕ੍ਰਮਵਾਰ ਜੈਪ੍ਰੀਤ ਨੇ ਮੂਲ ਮੰਤਰ ਬੋਲਕੇ ਸੁਣਾਇਆ, ਰੂਪਕ ਕੇ ਨੇ ਚਾਰ ਸਾਹਿਬਜ਼ਾਦਿਆਂ ਦੇ ਨਾਲ ਬੋਲੇ, ਸਿਮਰਨ ਕੌਰ ਨੇ ਗੁਰੂ ਗ੍ਰੰਥ ਸਾਹਿਬ ਵਿਰਲੇ 31 ਰਾਗਾਂ ਬਾਰੇ ਜਾਣਕਾਰੀ ਦੱਸੀ। ਮਹਿਤਾਬ ਸਿੰਘ ਬਾਠ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ, ਕਮਲਪ੍ਰੀਤ ਕੌਰ ਨੇ ਕਵਿਤਾ ਪੜ੍ਹੀ, ਸੁਖਮਨ ਕੌਰ ਨੇ ਪੰਜ ਤਖਤਾਂ ਦੇ ਨਾਂ ਬੋਲੇ, ਸੁਖਜਿੰਦਰ ਕੌਰ ਨੇ ਪੰਜ ਪਿਆਰਿਆਂ ਦੇ ਨਾਂ ਦੱਸੇ। ਸਹਿਜ ਨੇ ਪੰਜ ਕਕਾਰਾਂ ਬਾਰੇ ਦੱਸਿਆ, ਸਿਮਰਨ ਕੌਰ ਨੇ ਕਵਿਤਾ ਪੇਸ਼ ਕੀਤੀ। ਕਵਿਤਾ ਦਾ ਸਿਰਲੇਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਬੀਬੀ ਲਖਵੀਰ ਕੌਰ ਜੀ ਨੇ ਧਾਰਮਿਕ ਦੋ ਕਵਿਤਾਵਾਂ ਬਹੁਤ ਜੋਸ਼ੀਲੇ ਅੰਦਾਜ਼ ਵਿਚ ਸੁਣਾਈਆਂ। ਸ. ਮੇਜਰ ਸਿੰਘ ਨੇ ਵੀ ਦੋ ਧਾਰਮਿਕ ਕਵਿਤਾਵਾਂ ਸੁਣਾਈਆਂ।


ਇਸ ਉਪਰੰਤ ਸਾਰੀਆਂ ਛੋਟੀਆਂ ਬੱਚੀਆਂ ਨੇ ਪੰਜਾਬੀ ਵਰਣਮਾਲਾ ਦੇ ਸਾਰੇ ਅੱਖਰ ਇਕ ਗੀਤ ਦੀ ਸ਼ਕਲ 'ਚ ਪੇਸ਼ ਕੀਤੇ। ਰਣਵੀਰ ਸਿੰਘ ਨੇ ਇਕ ਕਵਿਤਾ ਸੁਣਾਈ, ਜਿਸ ਦਾ ਸਿਰਲੇਖ ਸੀ ਪਿਆਰੇ ਬੱਚੇ ਅਤੇ ਦਸ ਗੁਰੂ ਸਾਹਿਬਾਨਾਂ ਦੇ ਨਾਂ ਸੁਣਾਏ, ਜਪਮਨ ਨੇ ਮੂਲ ਮੰਤਰ ਦਾ ਪਾਠ ਕੀਤਾ, ਸੁਖਮਨ ਅਤੇ ਸ਼ਖੀ ਬੱਚੀਆਂ ਨੇ 'ਸਿੱਖੀ ਮੇਰੀ ਜਾਨ' ਕਵਿਤਾ ਸੁਣਾਈ, ਸੁਖਵੰਤ ਕੌਰ ਨੇ ਵੀ ਕਵਿਤਾ ਸੁਣਾਈ, ਜਿਸ ਦਾ ਸਿਰਲੇਖ ਸੀ 'ਗੁਰੂ ਨਾਨਕ ਦਾ ਦਰ' ਤੇ ਬੀਬੀ ਸਾਹਿਬ ਕੌਰ ਗਰੁੱਪ ਦੀਆਂ ਬੱਚੀਆਂ ਜਸਕੀਰਨ ਗਰੇਵਾਲ, ਸੁਖਵੰਤ ਕੌਰ, ਹਰਲੀਨ ਤੇ ਡਾਰਲੀਨ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਤਬਲੇ (ਜੋੜੀ) ਦੀ ਸੇਵਾ ਬਬਲਪ੍ਰੀਤ ਨੇ ਬਾਖ਼ੂਬੀ ਨਾਲ ਨਿਭਾਈ। ਇਸ ਤੋਂ ਇਲਾਵਾ ਅਖੀਰ 'ਚ ਲਖਵਿੰਦਰ ਕੌਰ, ਸੁਖਵੰਤ ਕੌਰ ਤੇ ਹੋਰ ਬੱਚੀਆਂ ਨੇ ਰਲ ਕੇ ਸ਼ਬਦ ਗਾਇਨ ਕੀਤਾ।

ਇਸ ਗੁਰਮਤਿ ਕੈਂਪ ਦੀ ਸਮਾਪਤੀ 'ਤੇ ਭਾਈ ਸਾਹਿਬ ਭਾਈ ਅਮਰਜੀਤ ਸਿੰਘ ਯੋਗੀ, ਪ੍ਰੋਫੈਸਰ ਕੰਵਰਜੀਤ ਸਿੰਘ ਅਤੇ ਉਹਨਾਂ ਦੀ ਸੁਪਤਨੀ ਕੰਵਲਜੀਤ ਕੌਰ ਤੇ ਸ਼ਾਗਿਰਦ ਪ੍ਰਮੀਤ ਸਿੰਘ ਤੋਂ ਇਲਾਵਾ 'ਦੇਸ਼ ਦੁਆਬਾ' ਹਫਤਾਵਾਰੀ ਅਖ਼ਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਨੇ ਮਾਨ ਪੱਤਰ ਨਾਲ ਸਨਮਾਨ ਕੀਤਾ।

ਗੁਰਮਤਿ ਕੈਂਪ ਦੀ ਸਫਲਤਾ ਲਈ ਸੁਸਾਇਟੀ ਦੇ ਫਾਊਂਡਰ ਸ. ਅਜੀਤ ਸਿੰਘ ਗਰੇਵਾਲ, ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ, ਸਕੱਤਰ ਹਰਜੋਤ ਸਿੰਘ ਗਰੇਵਾਲ, ਖਜਾਨਚੀ ਪ੍ਰਮਜੀਤ ਕੌਰ ਸੋਹਲ ਤੋਂ ਇਲਾਵਾ ਸੁਸਾਇਟੀ ਦੇ ਬਹੁਤ ਯਤਨਸ਼ੀਲ ਨੌਜਵਾਨ ਸ. ਤੀਰਥ ਸਿੰਘ ਸੋਹਲ ਤੇ ਸ. ਹਰਦੀਪ ਸਿੰਘ ਤੇ ਹੋਰ ਮੈਂਬਰ ਸਾਹਿਬਾਨ ਦਾ ਭਰਪੂਰ ਸਹਿਯੋਗ ਰਿਹਾ। ਪੂਰੇ ਗੁਰਮਤਿ ਕੈਂਪ ਦੀ ਸੇਵਾ ਸੁਸਾਇਟੀ ਵੱਲੋਂ ਮੁਫ਼ਤ ਕੀਤੀ ਗਈ।

ਬੱਚੀ ਡਾਰਲੀਨ ਕੌਰ ਨੇ ਅਰਦਾਸ ਕੀਤੀ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਤੇ ਇਲਾਕਾ ਨਿਵਾਸੀਆਂ ਦੇ ਸਰਬਤ ਦੇ ਭਲੇ ਲਈ ਭਾਈ ਸਾਹਿਬ ਭਾਈ ਅਮਰਜੀਤ ਸਿੰਘ ਯੋਗੀ ਜੀ ਨੇ ਅਰਦਾਸ ਕੀਤੀ। ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ ਜੀ ਨੇ ਬਾਖ਼ੂਬੀ ਨਾਲ ਸਟੇਜ ਦੀ ਸੇਵਾ ਨਿਭਾਈ ਅਤੇ ਅਖੀਰ ਵਿਚ ਸ. ਅਜੀਤ ਸਿੰਘ ਗਰੇਵਾਲ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਤੇ ਉਹਨਾਂ ਨਾਨਕ ਸਦਨ ਗੁਰਮਤਿ ਅਕੈਡਮੀ ਦੇ ਪ੍ਰੋਫੈਸਰ ਕੰਵਰਜੀਤ ਸਿੰਘ ਦਾ ਵੀ ਧੰਨਵਾਦ ਕੀਤਾ, ਜਿਹਨਾਂ 19 ਤੋਂ 25 ਜੂਨ ਤੱਕ ਬੱਚਿਆਂ ਨੂੰ ਗੁਰਮਤਿ ਕੈਂਪ ਲਗਾ ਕੇ ਸਿਖਲਾਈ ਦਿੱਤੀ।





ਸ੍ਰੀ ਗੁਰੂ ਰਵਿਦਾਸ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਏ ਜਾਣ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ ਲੱਖ ਵਧਾਈ।

ਆਓ ਆਪਾਂ ਸਭ ਰਲ-ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਉਪਰੋਕਤ ਦਿਨਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ



# SHRI SUKHRAJ SINGH CHOPRA & MRS. ROSHNI CHOPRA

## ਸ਼ੇਰ-ਏ-ਪੰਜਾਬ ਮਹਾਂਬਲੀ ਰਣਜੀਤ ਸਿੰਘ ਦੀ 178ਵੀਂ ਬਰਸੀ 'ਤੇ ਵਿਸ਼ੇਸ਼

# 'ਸਰਕਾਰ-ਏ-ਖ਼ਾਲਸਾ ਦਾ ਪਾਂਡੀ ਪਾਤਸ਼ਾਹ'



ਪ੍ਰੋ: ਐਚ.ਐਲ.ਕਪੂਰ

**ਸ਼ੇਰ-** ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਜੀ ਸੰਸਾਰ ਦੇ ਇਤਿਹਾਸ 'ਚ ਇਕ ਅਜਿਹਾ ਚਮਕਦਾ ਸਿਤਾਰਾ ਹੈ ਜਿਸ ਨੂੰ ਇਤਿਹਾਸਕਾਰ ਅਲੱਗ-ਅਲੱਗ ਸੰਗਿਆਵਾਂ ਨਾਲ ਯਾਦ ਕਰਦੇ ਹਨ। ਕੋਈ ਉਹਨਾਂ ਨੂੰ, ਉਹਨਾਂ ਦੀ ਬਹਾਦਰੀ ਕਰਕੇ ਸ਼ੇਰ-ਏ-ਪੰਜਾਬ, ਕੋਈ ਸਿੱਖ ਰਾਜ ਦਾ ਉਸਰਈਆ, ਕੋਈ ਪਾਂਡੀ ਪਾਤਸ਼ਾਹ, ਕੋਈ ਮਹਾਰਾਜਾ, ਸਰਦਾਰ ਜਾਂ ਸਿੰਘ ਸਾਹਿਬ, ਕੋਈ ਮਰਦ-ਏ-ਮੁਜਾਹਿਦ, ਕੋਈ ਇਕ ਧਰਮ ਨਿਰਪੱਖ ਰਾਜਾ, ਕੋਈ ਸਰਕਾਰ-ਏ-ਖ਼ਾਲਸਾ ਤੇ ਕੋਈ ਉਨ੍ਹਾਂ ਨੂੰ ਸਾਰੇ ਧਰਮਾਂ ਦਾ ਸਾਂਝਾ ਬਾਦਸ਼ਾਹ ਕਹਿੰਦਾ ਹੈ। ਇਹ ਇੰਨੇ ਨਾਮ ਉਹਨਾਂ ਨੂੰ ਉਹਨਾਂ ਦੀ ਇਮਾਨਦਾਰੀ ਤੇ ਨੇਕ-ਨੀਅਤੀ ਦੇ ਕਾਰਨਾਮਿਆਂ ਕਾਰਨ ਦਿੱਤੇ ਗਏ ਹ ਨ। ਉਹਨਾਂ ਨੇ ਪੰਜਾਬ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਤੇ ਦੂਰ-ਦੂਰ ਤੱਕ, ਇਕ ਅਜਿਹਾ ਵਿਸ਼ਾਲ ਧਰਮ ਨਿਰਪੱਖ, ਸ਼ਕਤੀਸ਼ਾਲੀ, ਇਨਸਾਫ ਪਸੰਦ, ਸਰਬ-ਸਾਂਝੀਵਾਲਤਾ ਦੇ ਮੁਦਈ ਤੇ ਇਕ ਗੁਰਮਤਿ ਦੇ ਧਾਰਨੀ ਸੱਚੇ-ਸੁੱਚੇ ਸਿੱਖ ਤੇ ਤੀਖਣ ਬੁੱਧੀ ਦੇ ਮਾਲਕ ਵਜੋਂ ਰਾਜ ਕੀਤਾ। ਸੰਸਾਰ ਪ੍ਰਸਿੱਧ ਸੈਲਾਨੀ 'ਬੈਰਨ ਦੀ ਹੀਊਗਲ' ਆਪਣੀ ਪ੍ਰਸਿੱਧ ਪੁਸਤਕ 'ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ' 'ਚ ਲਿਖਦਾ ਹੈ:-

"ਜੋ ਸਲਤਨਤ ਰਣਜੀਤ ਸਿੰਘ ਨੇ ਇਕ ਨਿਪੁੰਨ ਕਾਰੀਗਰ ਵਾਂਗ ਬਹੁਤ ਸਾਰੇ ਖਿੰਡਰੇ ਟੋਟਿਆਂ ਨੂੰ ਜੋੜ ਕੇ ਸਥਾਪਤ ਕੀਤੀ, ਉਹ ਬੇਮਿਸਾਲ ਹੈ। ਉਹ ਮੈਨੂੰ ਵਰਤਮਾਨ ਸੰਸਾਰ ਦੀ ਸਭ ਤੋਂ ਅਦੁੱਤੀ ਸ਼ਖਸੀਅਤ ਪ੍ਰਤੀਤ ਹੋਈ ਹੈ।" ਇਕ ਹੋਰ ਪ੍ਰਸਿੱਧ ਇਤਿਹਾਸਕਾਰ ਸਰ ਲੈਪਲ ਗ੍ਰਿਫਨ ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ 1839 ਕਰੀਬ 50 ਸਾਲ ਬਾਅਦ ਲਿਖਦਾ ਹੈ: "ਭਾਵੇਂ ਉਸ ਨੂੰ ਮੋਇਆ ਅੱਧੀ ਸਦੀ ਗੁਜ਼ਰ ਚੁੱਕੀ ਹੈ ਪਰ ਉਸ ਦੀ ਤਸਵੀਰ ਅੱਜ ਵੀ ਹਰ ਗੜ੍ਹੀ ਅਤੇ ਘਰ 'ਚ ਮੌਜੂਦ ਹੈ ਅਤੇ ਉਸ ਦਾ ਨਾਮ ਪ੍ਰਾਂਤ ਦੇ ਹਰ ਘਰ 'ਚ ਹਰਮਨ ਪਿਆਰਾ ਹੈ।" ਦਰਅਸਲ ਇਸ 'ਚ ਕੋਈ ਅਤਿਕਥਨੀ ਨਹੀਂ ਹੈ ਕਿਉਂਕਿ ਰਣਜੀਤ ਸਿੰਘ ਨੇ ਇਕ ਛੋਟੀ ਜਿਹੀ ਸਾਧਾਰਨ ਸੁੱਕਰਚੱਕੀਆ ਮਿਸਲ 'ਚੋਂ ਉਠ ਕੇ ਇਕ ਵਿਸ਼ਾਲ ਸਲਤਨਤ ਦਾ ਆਯੋਜਨ ਕੀਤਾ। ਇਸ ਲਈ ਹੀ ਤਾਂ ਸ਼ਾਹ ਮੁਹੰਮਦ ਆਪਣੇ ਕਿੱਸੇ 'ਚ ਲਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਲ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 'ਚ ਸੁੱਕਰਚੱਕੀਆ ਮਿਸਲ ਦੇ ਮੁਖੀ ਸਰਦਾਰ ਮਹਾਂ ਸਿੰਘ ਦੇ ਘਰ ਮਾਤਾ ਸ੍ਰੀਮਤੀ ਰਾਜ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਮ ਸਰਦਾਰ ਚੜ੍ਹਤ ਸਿੰਘ ਸੀ। ਜਦੋਂ ਉਹ ਅਜੇ 12 ਸਾਲ ਦੇ ਹੀ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਸੋ, ਇਸ ਖਿਆਲ ਨੂੰ ਹੀ ਮੁੱਖ ਰੱਖ ਕੇ ਉਹ ਮੋਟੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 50 ਸਾਲ ਗਿਣਦਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਕੱਦ ਕੋਈ ਜ਼ਿਆਦਾ ਲੰਮਾ ਨਹੀਂ ਸੀ। ਉਹ ਇਕ ਦਰਮਿਆਨੇ ਜਿਹੇ ਕੱਦ ਦੇ ਵਿਅਕਤੀ ਸਨ। ਉਨ੍ਹਾਂ ਦਾ ਸਰੀਰ ਬੜਾ ਤੰਦਰੁਸਤ ਤੇ ਰਿਸ਼ਟ-ਪੁਸ਼ਟ ਸੀ। ਬਚਪਨ 'ਚ ਉਨ੍ਹਾਂ ਨੂੰ ਚੇਚਕ ਦੀ ਬਿਮਾਰੀ ਹੋ ਗਈ ਸੀ, ਜਿਸ ਕਾਰਨ ਉਨ੍ਹਾਂ ਦੀ ਇਕ ਅੱਖ ਦੀ ਜੋਤੀ ਪੂਰੀ ਤਰ੍ਹਾਂ ਚਲੀ ਗਈ ਸੀ ਤੇ ਦੂਸਰੀ ਅੱਖ ਬੜੀ ਤੰਦਰੁਸਤ ਤੇ ਦੇਖਣ 'ਚ ਬੜੀ ਮੋਟੀ ਲੱਗਦੀ ਸੀ। ਚਿਹਰੇ 'ਤੇ ਮਾਤਾ ਦੇ ਦਾਗ ਹੋਣ ਕਾਰਨ ਫਿਰ ਵੀ ਪੂਰੀ ਤਰ੍ਹਾਂ ਲਾਲ ਤੇ ਦਗ-ਦਗ ਕਰਦਾ ਸੀ ਤੇ ਚਿਹਰੇ 'ਤੇ ਜਲਾਲ ਪੂਰਾ ਸੀ। ਉਹਨਾਂ ਦੀ ਦਾੜ੍ਹੀ ਦੁੱਧ ਚਿੱਟੀ ਤੇ ਧੁੰਨੀ ਤੱਕ ਲੰਬੀ ਸੀ। ਉਨ੍ਹਾਂ ਦੇ ਹੱਥਾਂ 'ਚ ਸ਼ੇਰ ਦੇ ਪੰਜਿਆਂ ਦੀ ਤਰ੍ਹਾਂ ਬੜੀ ਮਜ਼ਬੂਤੀ ਸੀ। ਉਨ੍ਹਾਂ ਦੀ ਜਬਾਨ 'ਚ ਬੜੀ ਰਵਾਨਗੀ ਤੇ ਦਮ ਸੀ। ਉਹ ਬੜੀ ਜੁਰਅਤ ਨਾਲ ਗੱਲ ਕਰਦੇ ਸਨ ਤੇ ਆਪਣੇ ਬੜੇ ਸਰਲ ਤੇ ਥੋੜ੍ਹੇ ਲਫ਼ਜ਼ਾਂ 'ਚ ਆਪਣੀ ਗੱਲ ਬੜੇ ਭਾਵਪੂਰਤ ਤਰੀਕੇ ਨਾਲ ਕਹਿਣ ਦੀ ਸਮਰੱਥਾ ਰੱਖਦੇ ਸਨ। ਉਹ ਭਾਵੇਂ ਅਨਪੜ੍ਹ ਸਨ ਤੇ ਉਨ੍ਹਾਂ ਨੇ ਕਦੀ ਕਿਸੇ ਸਕੂਲ ਦਾ ਮੂੰਹ ਨਹੀਂ ਦੇਖਿਆ ਸੀ ਫਿਰ ਵੀ ਉਨ੍ਹਾਂ ਦੀ ਆਮ ਸੂਝ-ਬੂਝ (ਕਾਮਨ ਸੈਂਸ) ਦਾ ਪੱਧਰ ਬੜੇ ਕਮਾਲ ਦਾ ਸੀ ਤੇ ਉਹ ਪੰਜਾਬੀ, ਹਿੰਦੀ, ਉਰਦੂ ਤੇ ਫਾਰਸੀ ਦਾ ਪੂਰਾ ਗਿਆਨ ਰੱਖਦੇ ਸਨ। ਉਹ ਫਾਰਸੀ 'ਚ ਆਪਣੇ ਸਕੱਤਰਾਂ ਨੂੰ ਪੱਤਰ ਆਪ ਲਿਖਾਉਂਦਾ ਸੀ। ਉਨ੍ਹਾਂ ਦੀ ਸ਼ਖਸੀਅਤ ਦਾ ਇੰਨਾ ਪ੍ਰਭਾਵ ਸੀ ਕਿ ਕੋਈ ਵੀ ਦਰਬਾਰੀ ਉਨ੍ਹਾਂ ਵੱਲ ਅੱਖ ਪੁੱਟ ਕੇ ਦੇਖਣ ਦੀ ਜੁਰਅਤ ਨਹੀਂ ਕਰਦਾ ਸੀ ਤੇ ਉਨ੍ਹਾਂ ਦੇ ਚਿਹਰੇ ਤੋਂ ਨਿਕਲਦੀਆਂ ਕਿਰਨਾਂ, ਉਸ ਦੀ ਬਾਂਹ ਉੱਤੇ ਬੰਨ੍ਹੇ ਕੋਹੇਨੂਰ ਹੀਰੇ ਦੀਆਂ ਰਿਸ਼ਮਾਂ ਤੋਂ ਘੱਟ ਚਮਕੀਲੀਆਂ ਨਹੀਂ ਸਨ। ਇਕ ਵਾਰ ਜਦ ਲਾਰਡ ਵਿਲੀਅਮ ਬੈਂਟਿੰਕ ਦੇ ਇਕ ਅਫਸਰ ਨੇ ਫਕੀਰ ਅਜ਼ੀਜ਼ੁਦੀਨ ਨੂੰ ਪੁੱਛਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਕਾਣੀ ਹੈ ਤਾਂ ਉਸ ਦਾ ਉੱਤਰ ਸੀ ਕਿ ਉਹਨਾਂ ਦੇ ਚਿਹਰੇ ਦਾ ਜਲਾਲ ਇੰਨਾ ਤੇਜੱਸਵੀ ਹੈ ਕਿ ਮੈਂ ਕਦੇ ਵੀ ਉਹਨਾਂ ਦੇ ਚਿਹਰੇ ਨੂੰ ਆਪਣਾ ਮੂੰਹ ਉਪਰ ਚੁੱਕ ਕੇ ਦੇਖਣ ਦਾ ਹੌਂਸਲਾ ਹੀ ਨਹੀਂ ਕੀਤਾ। ਇਸੇ ਹੀ ਤਰ੍ਹਾਂ ਪ੍ਰਸਿੱਧ ਇਤਿਹਾਸਕਾਰ ਗ੍ਰਿਫ਼ਨ ਲਿਖਦਾ ਹੈ ਕਿ: "ਕੋਈ ਵੀ ਪੰਜਾਬ ਦੀ ਯਾਤਰਾ ਕਰਨ ਆਇਆ ਸੈਲਾਨੀ ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ।" ਉਸ ਦੇ ਚਿਹਰੇ 'ਤੇ ਟਪਕਦਾ ਜਲਾਲ, ਉਸ ਦੀ ਸੂਰਬੀਰਤਾ ਦਲੇਰੀ ਤੇ ਉੱਚੀ ਸੂਝ-ਬੂਝ ਦਾ ਪ੍ਰਗਟਾ ਨਜ਼ਰ ਆਉਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਹਰ ਕੰਮ ਨਿਸ਼ਚਿਤ ਸਮੇਂ ਤੇ ਕਰਨ ਦੀ ਆਦਤ ਸੀ। ਉਹ ਸਵੇਰ ਵੇਲੇ ਸਿਰ ਉੱਠਦੇ ਤੇ ਆਪਣੀ ਰੋਜ਼ਾਨਾ ਦੀ ਆਦਤ ਅਨੁਸਾਰ ਸੈਰ ਕਰਨ ਜਾਂਦੇ। ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਉਹ ਰੋਜ਼ਾਨਾ ਵਾਕ ਸੁਣਦੇ ਤੇ ਆਪਣਾ ਨਾਸ਼ਤਾ ਉਸ ਤੋਂ ਬਾਅਦ 'ਚ ਕਰਦੇ। ਉਸ ਤੋਂ ਬਾਅਦ ਆਪਣਾ ਦਰਬਾਰ ਲਾ ਕੇ ਆਪਣੇ ਵਿਭਾਗਾਂ ਦੇ ਕਰਮਚਾਰੀਆਂ ਤੋਂ ਰਿਪੋਰਟਾਂ ਸੁਣਦਾ, ਲੋਕਾਂ ਦੀਆਂ ਸ਼ਿਕਾਇਤਾਂ ਸੁਣਦਾ ਤੇ ਉਹਨਾਂ ਦੇ ਫੈਸਲੇ ਕਰਦਾ। ਖਾਣਾ ਹਮੇਸ਼ਾ ਸਮੇਂ ਸਿਰ ਖਾਂਦਾ ਤੇ ਉਸ ਤੋਂ ਉਪਰੰਤ ਕੁਝ ਪਲਾਂ ਲਈ ਆਰਾਮ ਵੀ ਕਰਦਾ। ਸ਼ਾਮ ਨੂੰ ਵੀ ਰੋਜ਼ਾਨਾ ਸੈਰ ਕਰਨ ਲਈ ਜਾਂਦਾ। ਲੋਕਾਂ ਨਾਲ ਨੇੜਤਾ ਪੈਦਾ ਕਰਨ ਲਈ, ਆਪਣੇ ਦਰਬਾਰੀਆਂ ਤੋਂ ਰੋਜ਼ ਖ਼ਬਰਾਂ ਸੁਣਦਾ। ਪਰਜਾ ਦੇ ਦੁੱਖ-ਸੁੱਖ ਜਾਨਣ ਲਈ ਉਹ ਭੇਸ ਬਦਲ ਕੇ ਆਮ ਲੋਕਾਂ 'ਚ ਵਿਚਰਦਾ ਤੇ ਉਹਨਾਂ ਨੂੰ ਨੇੜਿਉਂ ਹੋ ਕੇ ਦੇਖਦਾ ਤੇ ਸੁਣਦਾ। ਉਹ ਸਾਦਾ ਕੱਪੜੇ ਪਹਿਨਦਾ ਤੇ ਤਖਤ 'ਤੇ ਬੈਠਣ ਦੀ ਬਜਾਏ ਉਹ ਚਾਂਦੀ ਦੀ ਕੁਰਸੀ ਤੇ ਬੈਠਦਾ। ਇਸ ਤਰ੍ਹਾਂ ਉਹ ਇਕ ਮਹਾਰਾਜੇ ਤੋਂ ਪਾਂਡੀ ਪਾਤਸ਼ਾਹ ਵੀ ਬਣ ਜਾਂਦਾ।



ਵਿਕਟਰ ਜੈਕੋਮੋਂਟ ਜੋ ਮਹਾਰਾਜੇ ਨੂੰ ਬਹੁਤ ਵਾਰ ਮਿਲਿਆ, ਲਿਖਦਾ ਹੈ ਕਿ "ਮੈਂ ਆਪਣੀ ਯਾਤਰਾ ਦੌਰਾਨ ਜਿੰਨੇ ਵੀ ਭਾਰਤੀ ਰਾਜੇ ਦੇਖੇ, ਉਨ੍ਹਾਂ 'ਚੋਂ ਸ਼ੇਰੇ-ਪੰਜਾਬ ਸਭ ਤੋਂ ਵੱਧ ਸਿਆਣਾ ਅਤੇ ਚਤੁਰ ਸੀ। ਗੱਲਬਾਤ ਸਮੇਂ ਉਹ ਅਨੇਕਾਂ ਪ੍ਰਸ਼ਨ ਪੁੱਛਦਾ, ਮੇਰੇ ਤੋਂ ਹਿੰਦੁਸਤਾਨ, ਇੰਗਲਿਸਤਾਨ, ਅੰਗਰੇਜ਼ੀ ਫੌਜ ਦੀ ਗਿਣਤੀ, ਨੈਪੋਲੀਅਨ ਦਾ ਹਾਲ, ਸਵਰਗ, ਪ੍ਰਮਾਤਮਾ ਅਤੇ ਹੋਰ ਕਈ ਵਿਸ਼ਿਆਂ ਬਾਰੇ ਸਵਾਲ ਪੁੱਛਦਾ। ਉਸ ਦੀ ਯਾਦ ਸ਼ਕਤੀ ਬਹੁਤ ਵਿਸ਼ਾਲ ਸੀ ਕਿ ਉਹ ਆਪਣੇ ਰਾਜ ਦੇ 10-12 ਹਜ਼ਾਰ ਪਿੰਡਾਂ ਦੇ ਨਾਂ, ਸਥਿਤੀ ਅਤੇ ਇਤਿਹਾਸ ਦੱਸ ਸਕਦਾ ਸੀ। ਉਹ ਹਮੇਸ਼ਾ ਸ਼ੇਰ ਸ਼ਾਹ ਸੂਰੀ ਵਾਂਗ ਚੁਸਤ-ਦਰੁਸਤ ਤੇ ਰੁੱਝਾ ਹੋਇਆ ਰਹਿੰਦਾ ਸੀ ਤੇ ਆਪਣੀ ਜਨਤਾ ਲਈ ਆਪਣੇ ਕਰਤਵਾਂ ਨੂੰ ਆਪਣੀ ਪੂਰੀ ਤਨਦੇਹੀ ਨਾਲ ਨਿਭਾਉਂਦਾ ਸੀ। ਉਹ ਆਪਣੇ ਵਚਨਾਂ ਦਾ ਬੜਾ ਪੱਕਾ ਸੀ ਤੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਬਖ਼ੂਬੀ ਨਿਭਾਉਂਦਾ ਸੀ। ਉਸ ਨੂੰ ਸਧਾਰਨ ਗੱਲਾਂ ਤੋਂ ਲੈ ਕੇ ਰਾਜ ਪ੍ਰਬੰਧ ਤੱਕ ਦੇ ਗੰਭੀਰ ਮਸਲਿਆਂ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਹੁੰਦੀ ਸੀ। ਉਸ ਦੀ ਯੋਗਤਾ, ਤੀਖਣ ਬੁੱਧੀ ਤੇ ਫੁਰਤੀ ਦੇਖ ਕੇ ਕਈ ਵਿਦੇਸ਼ੀ ਸੈਲਾਨੀ ਹੈਰਾਨ ਰਹਿ ਜਾਂਦੇ ਸਨ। ਉਹ ਬੜਾ ਰਹਿਮ ਦਿਲ, ਲੋੜਵੰਦਾਂ ਦਾ ਮਦਦਗਾਰ ਤੇ ਲੋਕਾਂ ਨਾਲ ਪਿਆਰ ਕਰਨ ਵਾਲਾ, ਉਨ੍ਹਾਂ ਦਾ ਪਰਜਾ ਪਾਲਕ ਬਣ ਕੇ ਸੇਵਾ ਭਾਵਨਾ ਦੀ ਰੁਚੀ ਰੱਖਦਾ ਸੀ।

ਉਹ ਇਕ ਕਮਾਲ ਦਾ ਯੋਧਾ ਸੀ, ਇਕ ਮਹਾਨ ਜਰਨੈਲ, ਨਿਆਂਕਾਰੀ ਸ਼ਾਸਕ ਤੇ ਬੜਾ ਨਿਪੁੰਨ ਰਾਜ ਪ੍ਰਬੰਧਕ ਸੀ। ਉਹ ਸੂਝਵਾਨ ਵਿਅਕਤੀਆਂ ਦਾ ਬੜਾ ਕਦਰਦਾਨ ਸੀ। ਉਹਨਾਂ ਨੂੰ ਵਧੀਆ ਨਸਲ ਦੇ ਘੋੜੇ ਰੱਖਣ ਦਾ ਬੜਾ ਸ਼ੌਕ ਸੀ। ਜ਼ਮੀਨ ਦੇ ਮਾਲ ਮਹਿਕਮੇ ਦਾ ਸੁਧਾਰ ਕਰਨਾ, ਉਹਨਾਂ ਦੀ ਇਕ ਵੱਡੀ ਸਿਆਣਪਤ ਦੀ ਨਿਸ਼ਾਨੀ ਆਖੀ ਜਾ ਸਕਦੀ ਹੈ। ਉਹ ਹਮੇਸ਼ਾ ਆਪਣੇ ਦਿਮਾਗੀ ਸੰਤੁਲਨ ਨੂੰ ਬਣਾਈ ਰੱਖਦਾ ਸੀ, ਮਾਨੋਂ ਇਹ ਉਸ ਦੀ ਇਕ ਆਦਤ ਹੀ ਬਣ ਗਈ ਸੀ। ਇਹ ਆਦਤ ਉਸ ਦੀ ਵੱਡੇ ਤੋਂ ਵੱਡੇ ਫੈਸਲੇ ਲੈਣ 'ਚ ਬੜੀ ਮਦਦਗਾਰ ਸਾਬਤ ਹੁੰਦੀ ਸੀ। ਅੰਗਰੇਜ਼ ਸਰਕਾਰ ਨਾਲ ਦਰਿਆ ਸਤਲੁਜ 'ਤੇ ਸੰਧੀਨਾਮਾ ਕਰਨਾ, ਇਹ ਉਹਨਾਂ ਦਾ ਇਕ ਵੱਡਾ ਕਾਰਨਾਮਾ ਸੀ, ਜਿਸ ਦੇ ਫਲਸਰੂਪ ਹੀ ਉਹ ਆਪਣਾ ਇਕ ਜਾਹੋ-ਜਲਾਲ ਵਾਲਾ ਵਿਸ਼ਾਲ ਰਾਜ ਸਥਾਪਤ ਕਰ ਸਕਿਆ ਸੀ।

ਮਹਾਰਾਜਾ ਰਣਜੀਤ ਸਿੰਘ ਇਕ ਬਹੁਤ ਹੀ ਨਿਪੁੰਨ, ਸਰਬਕਲਾ ਭਰਪੂਰ ਤੇ ਤਲਵਾਰ ਚਲਾਉਣ 'ਚ ਬੜੀ ਮੁਹਾਰਤ ਰੱਖਦਾ ਸੀ। ਇਸ ਹੁਨਰ ਦੀ ਮੁਹਾਰਤ ਬਾਰੇ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ, ' ਸਦਾ ਹੀ ਕਮਰ ਕਸੀ ਹਮ ਦੇਖੀ, ਕਬਹੂੰ ਨਾ ਸੁਸਤੀ ਮੁੱਖ ਪਰ ਪੇਖੀ।' ਉਹ ਇਕ ਉੱਚ ਕੋਟੀ ਦੇ ਘੋੜ ਸਵਾਰ ਤੇ ਨਿਸ਼ਾਨੇਬਾਜ਼ ਵੀ ਸਨ। ਉਹ ਬਾਹਰ ਜਦੋਂ ਦੌਰੇ 'ਤੇ ਜਾਂਦੇ ਹਮੇਸ਼ਾ ਸ਼ਸਤਰਬੱਧ ਰਹਿੰਦੇ। ਰਾਤ ਨੂੰ ਸੌਣ ਸਮੇਂ ਹਮੇਸ਼ਾ ਤਲਵਾਰ ਤੇ ਢਾਲ ਉਨ੍ਹਾਂ ਦੇ ਸਿਰਹਾਣੇ ਪਈ ਰਹਿੰਦੀ। ਸ਼ਾਮਿਆਨੇ ਬਾਹਰ ਇਕ ਘੋੜਾ ਕਾਠੀ ਸਮੇਤ ਤਿਆਰ-ਬਰ-ਤਿਆਰ ਰਹਿੰਦਾ ਸੀ। ਜੰਗਾਂ-ਯੁੱਧਾਂ ਦੇ ਸਮੇਂ ਅਕਸਰ ਉਹ ਆਪਣਾ ਖਾਣਾ ਆਪਣੇ ਸਿਪਾਹੀਆਂ ਨਾਲ, ਘੋੜੇ ਦੀ ਕਾਠੀ 'ਤੇ ਹੀ ਖਾਂਦੇ ਸਨ। ਉਹ ਇਤਨੇ ਫੁਰਤੀਲੇ ਤੇ ਤੇਜ਼-ਤਰਾਰ ਯੋਧੇ ਸਨ ਕਿ 17 ਸਾਲ ਦੀ ਉਮਰ 'ਚ ਜਦੋਂ ਝਨਾਅ ਦਰਿਆ ਦੇ ਕਿਨਾਰੇ 'ਤੇ ਉੱਗੇ ਬੂਝਿਆਂ 'ਚ ਲੁਕੇ ਉਹਨਾਂ ਦੇ ਇਕ ਕੱਟੜ ਵਿਰੋਧੀ ਸਰਦਾਰ ਹਸ਼ਮਤ ਖਾਨ ਚੱਠੇ ਨੇ ਉਹਨਾਂ 'ਤੇ ਇਕ ਜਾਨ ਲੇਵਾ ਗੋਲੀ ਚਲਾਈ। ਮਹਾਰਾਜੇ ਦੀ ਖੁਸ਼ਕਿਸਮਤੀ ਸੀ ਕਿ ਉਹ ਗੋਲੀ ਦਾ ਨਿਸ਼ਾਨਾ ਉੱਕ ਗਿਆ। ਇਸ ਤੋਂ ਪਹਿਲਾਂ ਕਿ ਉਹ ਦੂਸਰੀ ਗੋਲੀ ਉਨ੍ਹਾਂ 'ਤੇ ਦਾਗਦਾ, ਮਹਾਰਾਜੇ ਨੇ ਬੜੀ ਚੁਸਤੀ ਤੇ ਤੇਜ਼ੀ ਨਾਲ ਆਪਣਾ ਘੋੜਾ ਦੌੜਾ ਕੇ ਤਲਵਾਰ ਦੇ ਇਕੋ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਅਟਕ ਦਰਿਆ ਨੂੰ ਪਾਰ ਕਰਨਾ, ਨੌਸ਼ਹਿਰਾ ਅਤੇ ਮੰਡੇਰਾ ਜੰਗਾਂ ਸਮੇਂ ਉਸ ਵੱਲੋਂ ਦਿਖਾਏ ਜੰਗੀ ਜੌਹਰਾਂ ਨੂੰ ਦੇਖ ਕੇ ਵਿਰੋਧੀ ਵੀ ਤਾਰੀਫ਼ ਕਰਨ ਤੋਂ ਪਿੱਛੇ ਨਾ ਰਹੇ। ਸੰਨ 1831 'ਚ ਰੋਪੜ ਦਰਬਾਰ ਸਮੇਂ ਵਿਲੀਅਮ ਬੈਂਟਿੰਗ ਗਵਰਨਰ ਜਨਰਲ ਹਿੰਦ ਅਤੇ ਲਾਟਾਂ ਸਾਹਮਣੇ ਮੈਦਾਨ 'ਚ ਗੜਵਾ ਪੁੱਠਾ ਰੱਖ ਕੇ, ਤਿੰਨ ਵਾਰ ਘੋੜਾ ਇੱਧਰ-ਉਧਰ ਕਰਕੇ ਭਜਾਉਂਦਿਆਂ ਤਲਵਾਰ ਦੀ ਨੋਕ ਨਾਲ ਉਸ ਨੂੰ ਬਾਜ਼ ਦੀ ਫੁਰਤੀ ਨਾਲ ਉਠਾ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ 'ਚ 800 ਸਾਲਾਂ ਪਿੱਛੋਂ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਕੀਤਾ ਤੇ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ। ਉਹਨਾਂ ਨੇ 40 ਸਾਲ ਦੇ ਕਰੀਬ ਰਾਜ ਕੀਤਾ ਤੇ ਇਸ ਦੇ ਦੌਰਾਨ ਕਿਸੇ ਨੂੰ ਵੀ ਫਾਂਸੀ ਦੀ ਸਜ਼ਾ ਨਹੀਂ ਦਿੱਤੀ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਉਸਨੇ ਸਿਰਫ ਪੰਜਾਬ ਦਾ ਹੀ ਨਹੀਂ ਸਗੋਂ ਭਾਰਤ ਦੀ ਸੰਸਕ੍ਰਿਤੀ ਦਾ ਸਿਰ ਵੀ ਉੱਚਾ ਕੀਤਾ। ਇਸਦੀ ਉਦਾਹਰਣ ਹੈ ਕਿ ਹਮਲਾਵਰ ਮਹਿਮੂਦ ਗ਼ਜ਼ਨਵੀ ਜੋ ਹਿੰਦੂਆਂ ਦੇ ਇਕ ਇਤਿਹਾਸਕ ਮੰਦਰ ਦੇ ਦਰਵਾਜ਼ੇ ਲਾਹ ਕੇ ਲੈ ਗਿਆ ਸ, ਉਹਨਾਂ ਨੂੰ ਤਕਰੀਬਨ ਹਜ਼ਾਰ ਸਾਲ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਨੇ ਵਾਪਸ ਲਿਆ ਕੇ ਭਾਰਤ ਦੇ ਖੋਏ ਹੋਏ ਸਨਮਾਨ ਨੂੰ ਬਹਾਲ ਕੀਤਾ। ਮਹਾਰਾਜੇ ਨੇ ਆਪਣੀ ਦੂਰ-ਅੰਦੇਸ਼ੀ ਨਾਲ ਪੰਜਾਬ ਦੀਆਂ ਪੱਛਮੀ ਸਰਹੱਦਾਂ ਨੂੰ ਇਸ ਤਰ੍ਹਾਂ ਸੁਰੱਖਿਅਤ ਕੀਤਾ ਕਿ ਕੋਈ ਧਾੜਵੀ ਪੰਜਾਬ ਦੇ ਅਮਨ-ਚੈਨ ਨੂੰ ਭੰਗ ਨਾ ਕਰ ਸਕੇ। ਉਹਨਾਂ ਨੇ ਦੱਰਾ ਖ਼ੈਬਰ ਦੀ ਹੱਦ ਉੱਤੇ ਜਮਰੌਦ ਦਾ ਕਿਲ੍ਹਾ ਉਸਾਰ ਦਿੱਤਾ ਤੇ ਉਸ 'ਚ ਸਰਹੱਦ ਦੀ ਰਾਖੀ ਲਈ ਫੌਜ ਬਿਠਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਸਦਾ ਲਈ ਧਾੜਵੀਆਂ ਦਾ ਰਸਤਾ ਰੋਕ ਦਿੱਤਾ, ਜਿਹੜੇ ਕਿ ਭਾਰਤ 'ਤੇ ਨਿੱਤ ਦਿਨ ਇਸੇ ਰਸਤਿਓਂ ਹਮਲੇ ਕਰਦੇ ਸਨ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਪੱਕਾ ਗੁਰਮਤਿ ਵਿਚਾਰਧਾਰਾ ਵਾਲਾ ਸਿੱਖ ਸੀ, ਉਸ ਨੇ ਗੁਰਮਤਿ ਸਿਧਾਂਤਾਂ ਅਨੁਸਾਰ ਇਕ ਤਾਕਤਵਰ ਧਰਮ-ਨਿਰਪੱਖ ਰਾਜ ਸਥਾਪਤ ਕੀਤਾ। ਦੂਸਰੇ ਧਰਮਾਂ ਨੂੰ ਵੀ, ਆਪਣੀ ਆਜ਼ਾਦੀ ਨਾਲ ਵਿਚਰਨ ਦੀ ਖੁੱਲ੍ਹ ਰੱਖੀ। ਪੰਜਾਬ ਦੇ ਦੋ ਵੱਡੇ ਫਿਰਕਿਆਂ ਹਿੰਦੂ ਤੇ ਮੁਸਲਮਾਨਾਂ, ਨੂੰ ਬਰਾਬਰੀ ਦਾ ਸਨਮਾਨ ਦਿੱਤਾ। ਜਿੱਥੇ ਉਹਨਾਂ ਦੇ ਦਰਬਾਰ 'ਚ ਸਿੱਖ ਉੱਚ ਅਹੁਦਿਆਂ 'ਤੇ ਨਿਯੁਕਤ ਸਨ, ਉਥੇ ਉਹਨਾਂ ਦੇ ਬਰਾਬਰ ਦੂਸਰੀਆਂ ਕੌਮਾਂ ਹਿੰਦੂ, ਮੁਸਲਮਾਨ ਤੇ ਇਸ ਤੋਂ ਇਲਾਵਾ ਅੰਗਰੇਜ਼, ਫਰਾਂਸੀਸੀ, ਰੂਸੀ ਤੇ ਇਟਾਲੀਅਨ ਕੌਮਾਂ ਦੇ ਲੋਕ ਵੀ ਨਿਯੁਕਤ ਸਨ। ਇਹਨਾਂ 'ਚ ਕੁਝ ਮਸ਼ਹੂਰ ਹਸਤੀਆਂ ਦੇ ਨਾਮ ਇਸ ਪ੍ਰਕਾਰ ਹਨ ਜਿਵੇਂ:- ਜਨਰਲ ਵੈਨਤੂਰਾ, ਐਲਾਰਡ, ਇਲਾਹੀ ਬਖਸ਼ ਫਕੀਰ ਅਜੀਜ਼ੂਦੀਨ, ਮੁਹਕਮ ਚੰਦ, ਦੀਵਾਨ ਭਵਾਨੀ ਦਾਸ ਦੇ ਨਾਮ ਖਾਸ ਤੌਰ ਤੇ ਵਰਣਨਯੋਗ ਹਨ। ਮਸ਼ਹੂਰ ਵਿਅਕਤਿਤਵ ਦੇ ਮਾਲਕ ਮੌਲਾਨਾ ਸ਼ਫ਼ਾਇਤ ਅਹਿਮਦ ਅਨੁਸਾਰ ਉਹਨਾਂ ਦੇ ਰਾਜ 'ਚ ਮੁਸਲਮਾਨਾਂ ਨੂੰ ਪੂਰੇ ਰਾਜਨੀਤਿਕ ਅਤੇ ਧਾਰਮਿਕ ਹੱਕ ਪ੍ਰਾਪਤ ਸਨ। ਜਿੱਥੇ ਸ਼ੇਰ-ਏ-ਪੰਜਾਬ ਨੇ ਆਪਣੇ ਪ੍ਰਮੁੱਖ ਧਾਰਮਿਕ ਸਥਾਨ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ 'ਤੇ ਸੋਨਾ ਚੜ੍ਹਾਇਆ ਤੇ ਇਸ ਦੇ ਮੁਕਾਬਲੇ 'ਚ ਸੋਮਨਾਥ, ਹਰਿਦੁਆਰ ਤੇ ਜਵਾਲਾ ਮੁਖੀ ਮੰਦਰ ਨੂੰ ਸੋਨਾ ਦਾਨ ਕੀਤਾ। ਅਜੋਕੀਆਂ ਸਰਕਾਰਾਂ ਨੇ ਜੋ ਅੱਜ ਇਹ ਨੀਤੀ ਬਣਾਈ ਹੋਈ ਹੈ, ਇਸ ਦਾ ਸਭ ਤੋਂ ਪਹਿਲਾਂ ਸਿਹਰਾ ਸ਼ੇਰ-ਏ-ਪੰਜਾਬ ਨੂੰ ਹੀ ਜਾਂਦਾ ਹੈ।

ਉਹਨਾਂ ਦਾ ਗੁਰਮਤਿ ਦੇ ਸਿਧਾਂਤਾਂ 'ਚ ਅਥਾਹ ਵਿਸ਼ਵਾਸ ਸੀ। ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਵੀ ਤਿਆਰ ਕਰਵਾਈਆਂ। ਇੱਥੇ ਸਾਰੀ ਚਰਚਾ ਤੋਂ ਇਹ ਗੱਲ ਪ੍ਰਤੱਖ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਦਾ ਇਕ ਵੀ ਸਿੱਖ ਵਜ਼ੀਰ ਇੰਨਾ ਨਿਕਟਵਰਤੀ ਨਹੀਂ ਸੀ ਜਿੰਨੇ ਕਿ ਦੂਸਰੀਆਂ ਕੌਮਾਂ ਦੇ ਸਨ। ਉਸ ਦੀ ਇਸ ਧਰਮ ਨਿਰਪੇਖਤਾ ਦੀ ਨੀਤੀ ਨੇ ਉਹਨਾਂ ਨੂੰ ਬਹੁਤ ਪ੍ਰਸਿੱਧਤਾ ਦਿਵਾਈ ਤੇ ਉਹ ਲੋਕਾਂ 'ਚ ਬਹੁਤ ਹੀ ਹਰਮਨ ਪਿਆਰੇ ਬਣ ਗਏ। ਲਾਹੌਰ ਨੂੰ ਜਿੱਤਣ ਤੋਂ ਬਾਅਦ ਉਹਨਾਂ ਨੇ ਉਥੋਂ ਦੀ ਸੁਨਹਿਰੀ ਮਸੀਤ ਮੁਸਲਮਾਨਾਂ ਨੂੰ ਸੌਂਪ ਦਿੱਤੀ। ਜਦੋਂ ਉਹਨਾਂ ਨੇ ਮੁਲਤਾਨ ਨੂੰ ਫਤਿਹ ਕੀਤਾ ਤਾਂ ਪੀਰ-ਬਹਾਵਲ-ਹੱਕ ਦੇ ਮਕਬਰੇ ਦੀ ਪ੍ਰਥਾ ਭੰਗ ਨਹੀਂ ਕੀਤੀ ਸਗੋਂ ਉਸ ਨੂੰ ਪਹਿਲਾਂ ਦੀ ਤਰ੍ਹਾਂ ਹੀ ਬਹਾਲ ਰੱਖਿਆ ਤੇ ਇਸ ਦੇ ਨਾਲ ਹੀ ਉਹਨਾਂ ਨੇ ਦੂਸਰੀਆਂ ਹੋਰ ਇਸਲਾਮਿਕ ਧਾਰਮਿਕ ਇਮਾਰਤਾਂ ਦੀ ਆਪਣੇ ਸਰਕਾਰੀ ਖ਼ਜ਼ਾਨੇ 'ਚੋਂ ਮਦਦ ਦੇ ਕੇ ਮੁਰੰਮਤ ਕਰਵਾਈ। ਜਦੋਂ ਉਹਨਾਂ ਨੇ ਪਿਸ਼ਾਵਰ 'ਤੇ ਜਿੱਤ ਪ੍ਰਾਪਤ ਕੀਤੀ, ਉਸ ਤੋਂ ਬਾਅਦ ਉਹਨਾਂ ਨੇ ਆਪਣੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੂੰ ਹਦਾਇਤ ਕੀਤੀ ਕਿ ਹਜ਼ਰਤ-ਉਮਰ ਦੀ ਲਾਇਬ੍ਰੇਰੀ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ। ਇਸ ਤਰ੍ਹਾਂ ਦੇ ਉਦਾਰ ਤੇ ਸਦਗੁਣੀ ਵਿਚਾਰਧਾਰਾ ਰੱਖਣ ਵਾਲੇ ਸ਼ੇਰ-ਏ-ਪੰਜਾਬ ਦੇ ਦਰਬਾਰ 'ਚ ਹਰ ਸਧਾਰਨ ਤੋਂ ਸਧਾਰਨ ਆਦਮੀ ਆਪਣੀ ਫਰਿਆਦ ਲੈ ਕੇ ਬੜੀ ਆਸਾਨੀ ਨਾਲ ਜਾ ਸਕਦਾ ਸੀ।

ਇਸ ਤਰ੍ਹਾਂ ਦੀਆਂ ਦੂਰ ਅੰਦੇਸ਼ੀ ਨੀਤੀਆਂ ਅਪਣਾਉਣ ਕਾਰਨ ਮਹਾਰਾਜਾ ਰਣਜੀਤ ਸਿੰਘ ਇਕ ਸਫਲ ਨੀਤੀਵਾਨ ਸਾਬਤ ਹੋਇਆ, ਆਪਣੇ ਰਾਜ ਦੇ ਵਿਸਥਾਰ ਲਈ ਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਉਸ ਨੇ ਆਪਣੀ ਸੱਸ ਰਾਣੀ ਸਦਾ ਕੌਰ ਨਾਲ ਸਮਝੌਤਾ ਕਰ ਲਿਆ ਤੇ ਸਰਦਾਰ ਫਤਿਹ ਸਿੰਘ ਆਹਲੂਵਾਲੀਆ ਨੂੰ ਆਪਣਾ ਪੱਗ ਵੱਟ ਭਰਾ ਬਣਾ ਲਿਆ, ਇਕ ਵਿਸ਼ਾਲ ਅੰਗਰੇਜ਼ ਸਰਕਾਰ ਨਾਲ ਸੰਧੀ ਕਰ ਲਈ। ਉਹਨਾਂ ਦੀ ਦੂਰ-ਅੰਦੇਸ਼ੀ ਦਾ ਇਸ ਗੱਲ ਤੋਂ ਵੀ ਪ੍ਰਤੱਖ ਸਬੂਤ ਮਿਲਦਾ ਹੈ ਕਿ ਉਸ ਨੇ ਦੁਨੀਆਂ ਭਰ ਦੀ ਲਿਆਕਤ ਰੱਖਣ ਵਾਲੇ ਵਿਅਕਤੀਆਂ ਨੂੰ ਆਪਣੇ ਦਰਬਾਰ ਤੇ ਫੌਜ 'ਚ ਭਰਤੀ ਕਰ ਲਿਆ, ਜਿਹਨਾਂ 'ਚ ਪ੍ਰਮੁੱਖ ਤੌਰ 'ਤੇ ਦੀਵਾਨ ਮੋਹਕਮ ਚੰਦ, ਫਕੀਰ ਅਜ਼ੀਜ਼ੂਦੀਨ, ਹਰੀ ਸਿੰਘ ਨਲਵਾ, ਮਿਸਰ ਦੀਵਾਨ ਚੰਦ, ਰਾਜਾ ਧਿਆਨ ਸਿੰਘ, ਜਨਰਲ ਵੈਨਤੂਰਾ ਆਦਿ ਸ਼ਾਮਲ ਸਨ। ਜਿਹਨਾਂ ਵਿਰੋਧੀ ਹਾਲਤਾਂ 'ਚ ਉਹਨਾਂ ਨੇ ਸੰਘਰਸ਼ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ, ਇਹ ਉਹਨਾਂ ਦੀ ਨੇਕ ਨੀਤੀ, ਕਲਾ ਕੌਸ਼ਲਤਾ ਤੇ ਦੂਰ-ਅੰਦੇਸ਼ੀ ਦਾ ਕਮਾਲ ਹੀ ਸੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਚਪਨ 'ਚ ਸਕੂਲ ਵਿੱਦਿਆ ਨਾ ਪ੍ਰਾਪਤ ਕਰ ਸਕਿਆ ਪਰ ਫਿਰ ਵੀ ਉਹ ਸਾਹਿਤਕਾਰਾਂ, ਵਿਦਵਾਨਾਂ ਤੇ ਕਲਾਕਾਰਾਂ ਦਾ ਬੜਾ ਕਦਰਦਾਨ ਸੀ। ਉਹ ਆਪਣੀ ਵਿਦਿਅਕ ਘਾਟ ਨੂੰ ਭਲੀ-ਭਾਂਤ ਮਹਿਸੂਸ ਕਰਦਾ ਸੀ। ਉਹ ਇਸ ਗੱਲ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਕ ਚੰਗਾ ਪ੍ਰਸ਼ਾਸਕ ਤੇ ਸਫਲ ਮਨੁੱਖ ਬਣਨ ਲਈ, ਵਿੱਦਿਆ ਦਾ ਗਿਆਨ ਬੜਾ ਜ਼ਰੂਰੀ ਹੈ। ਇਸ ਲਈ ਉਸਨੇ ਬੱਚਿਆਂ ਦੀ ਵਿੱਦਿਆ ਦੇ ਪ੍ਰਬੰਧ ਲਈ ਸਕੂਲਾਂ, ਮਦਰੱਸਿਆਂ ਤੇ ਧਾਰਮਿਕ ਸੰਸਥਾਵਾਂ ਨੂੰ ਖੁੱਲ੍ਹੇ ਦਾਨ ਦੇ ਗੱਫੇ ਦਿੱਤੇ ਤੇ ਇਹਨਾਂ ਸੰਸਥਾਵਾਂ ਦੇ ਨਾਂ ਜ਼ਮੀਨਾਂ ਲਗਵਾਈਆਂ। ਉਹ ਅੰਤਰ ਰਾਸ਼ਟਰੀ ਸਬੰਧ ਕਾਇਮ ਕਰਨ ਲਈ, ਅੰਗਰੇਜ਼ੀ ਦੀ ਪੜ੍ਹਾਈ ਵੀ ਬੜੀ ਜ਼ਰੂਰੀ ਸਮਝਦੇ ਸਨ। ਉਹਨਾਂ ਨੇ ਆਪਣੀ ਸੈਨਾ ਦੇ ਤੋਪਖ਼ਾਨੇ ਦੇ ਇੰਚਾਰਜ ਮੀਆਂ ਕਾਦਰ ਬਖਸ਼ ਨੂੰ ਅੰਗਰੇਜ਼ੀ ਭਾਸ਼ਾ ਸਿੱਖਣ ਲਈ, ਉਸ ਨੂੰ ਲੁਧਿਆਣੇ ਭੇਜਿਆ, ਜਿਸ ਨੇ ਅੰਗਰੇਜ਼ੀ ਤੋਂ ਫਾਰਸੀ 'ਚ ਤੋਪਾਂ ਦੀ ਕਲਾ ਬਾਰੇ ਪੁਸਤਕ ਲਿਖੀ। ਇਸ ਤੋਂ ਇਲਾਵਾ ਉਹਨਾਂ ਦੇ ਦਰਬਾਰ 'ਚ ਮੁਨਸ਼ੀ ਸੋਹਣ ਲਾਲ, ਦੀਵਾਨ ਅਮਰਨਾਥ, ਲਾਲਾ ਗਣੇਸ਼ ਦਾਸ, ਸ਼ਾਹ ਮੁਹੰਮਦ ਉਸ ਦੇ ਦਰਬਾਰੀ ਲੇਖਕ ਸਨ ਜਿਹਨਾਂ ਨੇ ਮਹਾਰਾਜੇ ਦੀ ਜੀਵਨੀ ਤੇ ਉਹਨਾਂ ਦੇ ਰਾਜ ਪ੍ਰਬੰਧ ਬਾਰੇ ਪੁਸਤਕਾਂ ਲਿਖੀਆਂ। ਦੀਵਾਨ ਅਮਰਨਾਥ ਦਾ 'ਜ਼ਫ਼ਰਨਾਮਾ', ਮੁਨਸ਼ੀ ਸੋਹਣ ਲਾਲ ਦੀ ਉਮਦਤ-ਉਤ-ਤਵਾਰੀਖ਼ ਅਤੇ ਸ਼ਾਹ ਮੁਹੰਮਦ ਦਾ 'ਜੰਗਨਾਮਾ' ਵਰਣਨਯੋਗ ਕਲਾਕ੍ਰਿਤਾਂ ਹਨ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਭ ਧਰਮਾਂ ਤੇ ਲੋਕਾਂ ਲਈ ਇਕ ਮਹਾਂਦਾਨੀ ਵੀ ਸੀ। ਇਸੇ ਲਈ ਤਾਂ

(ਬਾਕੀ ਅਗਲੇ ਸਫੇ ਤੇ)

# ‘ਸਰਕਾਰ-ਏ-ਖ਼ਾਲਸਾ ਦਾ ਧਾਂਡੀ ਪਾਤਸ਼ਾਹ’

ਉਸ ਦੀ ਸਮੁੱਚੀ ਪਰਜਾ ਉਸ ਨੂੰ ਬਹੁਤ ਪਿਆਰ ਕਰਦੀ ਸੀ। ਉਹ ਹਿੰਦੂਆਂ ਦੇ ਮੰਦਰਾਂ ਦਾ ਵੀ ਵੱਡਾ ਕਦਰਦਾਨ ਸੀ। ਉਸ ਦੇ ਦਾਨੀ ਸੁਭਾਅ ਨੇ ਬਨਾਰਸ ਦੇ ਇਤਿਹਾਸਕ ਮੰਦਰ ’ਤੇ ਸੋਨੇ ਦੇ ਪੱਤਰੇ ਚੜ੍ਹਾਉਣ ਲਈ ਉਸਨੇ ਤੇਤੀ ਮਣ ਦੇ ਕਰੀਬ ਸੋਨਾ ਦਾਨ ਕੀਤਾ। ਇੰਨੇ ਵੱਡੇ ਵਿਅਕਤਿਤਵ ਦੇ ਮਾਲਕ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕੁਕਰਮਾਂ ਨੂੰ ਬਖਸ਼ਾਉਣ ਲਈ, ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਹੁਕਮਾਂ ਅਨੁਸਾਰ, ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਤਨਖਾਹ ਵਜੋਂ ਕੋਰੜੇ ਵੀ ਖਾਧੇ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਜੂਨ 27, 1839 ਨੂੰ ਲਾਹੌਰ ਵਿਖੇ ਅਧਰੰਗ ਹੋ ਜਾਣ ਕਾਰਨ ਹੋਈ ਸੀ ਤੇ ਉਹਨਾਂ ਦਾ ਸੰਸਕਾਰ ਜੂਨ 28, 1839 ਈਸਵੀ ਨੂੰ ਕੀਤਾ ਗਿਆ ਸੀ। ਮਹਾਰਾਜੇ ਦੇ ਸੰਸਕਾਰ ਨਾਲ ਹੀ ਚਾਰ ਉਹਨਾਂ ਦੀਆਂ ਰਾਣੀਆਂ ਤੇ ਸੱਤ ਗੁਲਾਮ ਬਣਾ ਕੇ ਰੱਖੀਆਂ ਗਈਆਂ ਲੜਕੀਆਂ ਵੀ ਸਤੀ ਹੋਈਆਂ ਸਨ। ਇਸ ਦਰਦਨਾਕ ਮੰਜ਼ਰ ਨੂੰ ਉਸ ਸਮੇਂ ਮਹਾਰਾਜੇ ਦੇ ਇਕ ਫੌਜੀ ਮੁਲਾਜ਼ਮ ਲੈਫਟੀਨੈਂਟ ਕਰਨਲ ਸਟੇਨਵੈਚ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਕਿਉਂਕਿ ਉਹ ਵੀ ਮਹਾਰਾਜੇ ਦੇ ਸੰਸਕਾਰ ’ਚ ਸ਼ਾਮਲੀ ਸੀ। ਉਸਨੇ 1946 ’ਚ ਛਪੀ ਆਪਣੀ ਪੁਸਤਕ ’ਚ ਸਿੱਖਾਂ ਬਾਰੇ ਲਿਖਿਆ ਹੈ ਕਿ ਇਹ ਮਹਾਰਾਜੇ ਦੇ ਸੰਸਕਾਰ ਸਮੇਂ ਸਤੀ ਹੋਣ ਦੀ ਘਟਨਾ ਬੜੀ ਦਰਦਨਾਕ ਸੀ ਤੇ ਮਹਾਰਾਜੇ ਦੇ ਸੰਸਕਾਰ ਦੀਆਂ ਸਾਰੀਆਂ ਰਸਮਾਂ ਦੇ ਨਾਲ ਹੀ ਇਹਨਾਂ ਸਤੀ ਹੋਣ ਵਾਲੀਆਂ ਪਤਨੀਆਂ ਤੇ ਸੱਤ ਗੁਲਾਮ ਲੜਕੀਆਂ ਦੀਆਂ ਸਾਰੀਆਂ ਰਸਮਾਂ ਵੀ ਕੀਤੀਆਂ ਗਈਆਂ। ਇੱਥੇ ਸਾਡਾ ਧਿਆਨ ਇਸ ਗੱਲ ਵੱਲ ਜਾਂਦਾ ਹੈ ਤੇ ਇਕ ਬੜਾ ਵੱਡਾ ਸਵਾਲ ਵੀ ਖੜ੍ਹਾ ਕਰਦਾ ਹੈ? ਸਿੱਖ ਧਰਮ ਤਾਂ ਔਰਤ ਦੇ ਸਤੀ ਹੋਣ ਦਾ ਸਖਤ ਵਿਰੋਧ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜੇ ਮਹਾਰਾਜਿਆਂ ਦੀ ਜਨਣੀ ਆਖਿਆ ਹੈ। ਤੀਸਰੇ ਗੁਰੂ ਸਾਹਿਬ ਗੁਰੂ ਅਮਰਦਾਸ ਜੀ ਤੇ ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਸਤੀ ਦੀ ਰਸਮ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਲਈ ਮਹਾਰਾਜੇ ਦੇ ਸੰਸਕਾਰ ਸਮੇਂ ਉਹਨਾਂ ਦੀਆਂ ਚਾਰ ਰਾਣੀਆਂ ਤੇ ਸੱਤ ਗੁਲਾਮ ਲੜਕੀਆਂ ਨੂੰ ਸਿੱਖ ਸ਼ਾਸਕਾਂ ਨੇ ਸਤੀ ਹੋਣ ਤੋਂ ਕਿਉਂ ਨਹੀਂ ਰੋਕਿਆ?

ਮਹਾਂਧਿਰਾਜ ਚੱਕਰਵਰਤੀ ਵਿੱਕਰਮਾਦਿੱਤ ਗੁਪਤ ਵਾਂਗ ਸ਼ੇਰ-ਏ-ਪੰਜਾਬ ਆਪਣੀ ਜਨਤਾ ਦੇ ਹਿੱਤਾਂ ਲਈ ਆਪਣੇ ਸਰਦਾਰਾਂ ਤੇ ਜਰਨੈਲਾਂ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੰਦਾ ਸੀ। ਉਹ ਆਪਣੇ ਰਾਜ ’ਚ ਰਾਤ ਸਮੇਂ ਆਪਣਾ ਭੇਸ ਵਟਾ ਕੇ ਫਿਰਦਾ ਸੀ ਤਾਂ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਉਸ ਨੂੰ ਗਿਆਨ ਹੋ ਸਕੇ ਤਾਂ ਕਿ ਇਨ੍ਹਾਂ ਮੁਸ਼ਕਿਲਾਂ ਨੂੰ ਕਿਸੇ ਯੋਗ ਤਰੀਕੇ ਨਾਲ ਹੱਲ ਕਰ ਸਕੇ। ਇਕ ਵਾਰ ਸੰਨ 1833 ’ਚ ਕਸ਼ਮੀਰ ’ਚ ਕਾਲ਼ ਪੈ ਗਿਆ ਤੇ ਉਥੋਂ ਦੇ ਸ਼ਾਸਕ ਖੁਸ਼ਹਾਲ ਸਿੰਘ ਨੇ ਇਸ ਦੇ ਕੋਈ ਯੋਗ ਪ੍ਰਬੰਧ ਨਾ ਕੀਤੇ ਤੇ ਮਹਾਰਾਜੇ ਨੇ ਉਸ ਤੋਂ ਕੋਈ ਇਕ ਮਹੀਨਾ ਦੂਰੀ ਬਣਾਈ ਰੱਖੀ ਤੇ ਉਸ ਨੂੰ ਮੂੰਹ ਨਾ ਲਗਾਇਆ। ਪ੍ਰੰਤੂ ਜਦੋਂ 1835 ’ਚ ਕਾਲ਼ ਪਿਆ ਤਾਂ ਉਸ ਸਮੇਂ ਮਹਾਰਾਜੇ ਨੇ ਆਪਣੇ ਖ਼ਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ। ਕਿਸਾਨਾਂ ਨੂੰ ਮੁਫ਼ਤ ਬੀਜ ਵੰਡਿਆ। ਐਚ. ਈ-ਫੇਨ ਅਨੁਸਾਰ ‘ਪਰਜਾ ਉਸ ਨੂੰ ਦਰਿਆ-ਦਿਲ ਰਾਜਾ ਸਮਝਦੀ ਸੀ।’ ਹੂਗਲ ਅਨੁਸਾਰ ‘ਪੰਜਾਬ, ਅੰਗਰੇਜ਼ ਹਿੰਦ ਨਾਲੋਂ ਕਿਤੇ ਵੱਧ ਸੁਰੱਖਿਅਤ ਸੀ।

ਜੇਕਰ ਕੋਈ ਸਰਦਾਰ ਜਨਤਾ ਨਾਲ ਵਧੀਕੀ ਕਰਦਾ ਹੈ ਤਾਂ ਉਹ ਫੌਰਨ ਉਸ ਦੀ ਜਵਾਬ ਤਲਬੀ ਕਰਦੇ ਸਨ। ਜਨਰਲ ਅਵੀਤਾਬਲੇ ਗਵਰਨਰ ਪਿਸ਼ਾਵਰ ਨੂੰ ਇਸੇ ਕਰਕੇ ਸਜ਼ਾ ਭੁਗਤਣੀ ਪਈ ਸੀ। ਇਸੇ ਲਈ ਮਹਾਰਾਜਾ ਜਦੋਂ ਕਦੀ ਢਿੱਲੇ-ਮੱਠੇ ਹੁੰਦੇ ਜਾਂ ਕਦੀ ਤਬੀਅਤ ’ਚ ਵਿਗਾੜ ਆਉਂਦਾ ਤਾਂ ਜਨਤਾ ਉਹਨਾਂ ਦੀ ਸਿਹਤਯਾਬੀ ਲਈ ਦੁਆਵਾਂ ਕਰਦੀ।

ਮਹਾਰਾਜਾ ਹਰ ਚੰਗੀਆਂ ਚੀਜ਼ਾਂ ਦੇ ਕਦਰਦਾਨ ਹੁੰਦੇ ਸਨ ਤੇ ਉਹਨਾਂ ਨੂੰ ਪ੍ਰਾਪਤ ਕਰਨ ਦੇ ਬੜੇ ਸ਼ੌਕੀਨ ਸਨ। ਉਹ ਸੋਹਣੇ ਸੁਨੱਖੇ ਨੌਜਵਾਨਾਂ, ਛੈਲ ਛਬੀਲੀਆਂ ਨਾਰਾਂ ਆਪਣੇ ਦੁਆਲੇ ਹਮੇਸ਼ਾ ਰੱਖਦੇ ਸਨ। ਲੈਲੀ ਘੋੜੀ, ਕੋਹਿਨੂਰ ਹੀਰੇ ਦੀ ਪ੍ਰਾਪਤੀ ਤੇ ਕਈ ਇਤਿਹਾਸਕਾਰਾਂ ਅਨੁਸਾਰ ਉਹਨਾਂ ਦੀਆਂ ਪ੍ਰਮੁੱਖ ਤੌਰ ’ਤੇ ਪੰਜ ਪਤਨੀਆਂ ਸਨ, ਜਿਹਨਾਂ ਦੇ ਕ੍ਰਮਵਾਰ ਨਾਮ ਇਸ ਤਰ੍ਹਾਂ ਹਨ: ਮਹਿਤਾਬ ਕੌਰ, ਰਾਜ ਕੌਰ ਜਿਸ ਦਾ ਦੂਜਾ ਨਾਮ ਬਦਲੇ ਕੇ ਦਤਾਰ ਕੌਰ ਰੱਖਿਆ ਹੋਇਆ ਸੀ, ਦਇਆ ਕੌਰ, ਰਾਣੀ ਰਤਨ ਕੌਰ ਤੇ ਰਾਣੀ ਜਿੰਦ ਕੌਰ ਸਨ।

ਉਹਨਾਂ ਦਾ ਪਹਿਲਾ ਵਿਆਹ 16 ਸਾਲ ਦੀ ਉਮਰ ’ਚ ਸੰਨ 1796 ’ਚ ਮਹਿਤਾਬ ਕੌਰ ਨਾਲ ਜੋ ਕਿ ਸਰਦਾਰ ਗੁਰਬਖਸ਼ ਸਿੰਘ ਦੀ ਤੇ ਮਾਤਾ ਸਰਦਾਰਨੀ ਸਦਾ ਕੌਰ ਜੀਂਦ ਨਿਵਾਸੀ ਦੀ ਸਪੁੱਤਰੀ ਸੀ। ਇਹਨਾਂ ਪੰਜ ਰਾਣੀਆਂ ਦੇ ਅੱਗੇ ਅੱਠ ਪੁੱਤਰ ਸਨ ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਸ਼ਹਿਜ਼ਾਦਾ ਖੜਕ ਸਿੰਘ, ਸ਼ੇਰ ਸਿੰਘ, ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ, ਈਸ਼ਰ ਸਿੰਘ, ਤਾਰਾ ਸਿੰਘ, ਮੁਲਤਾਨ ਸਿੰਘ ਤੇ ਦਲੀਪ ਸਿੰਘ ਸਨ ਤੇ ਪੋਤਰਾ ਕੰਵਰ ਨੌਨਿਹਾਲ ਸਿੰਘ ਜੋ ਮਹਾਰਾਜਾ ਖੜਕ ਸਿੰਘ ਦਾ ਪੁੱਤਰ ਸੀ।

ਇਤਿਹਾਸਕਾਰਾਂ ਅਨੁਸਾਰ ਉਹਨਾਂ ਦੀਆਂ ਕੁੱਲ ਸਾਰੀਆਂ ਪਤਨੀਆਂ ਦੀ ਗਿਣਤੀ 20 ਸੀ, ਜਿਹਨਾਂ ਦੇ ਕ੍ਰਮਵਾਰ ਨਾਮ ਤੇ ਹੋਰ ਜਾਣਕਾਰੀ ਨਿਮਨ ਲਿਖਤ ਅਨੁਸਾਰ ਦਿੱਤੀ ਜਾਂਦੀ ਹੈ। ਇਹਨਾਂ ’ਚ 10 ਪਤਨੀਆਂ ਨਾਲ ਵਿਆਹ ਉਹਨਾਂ ਨੇ ਲਾਵਾਂ ਫੇਰਿਆਂ ਦੀ ਰਸਮ ਨਾਲ ਕਰਵਾਇਆ ਤੇ ਬਾਕੀ ਦਸਾਂ ਉਪਰ ’ਚਾਦਰ ਪਾਉਣ’ ਦੀ ਰਸਮ ਨਾਲ ਕਰਵਾਇਆ ਹੋਇਆ ਸੀ। ਇਹਨਾਂ ਦੇ ਵੇਰਵੇ ਇਸ ਪ੍ਰਕਾਰ ਹਨ:

ਮਹਾਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਦਾ ਨਾਂ ਰਾਣੀ ਮਹਿਤਾਬ ਕੌਰ ਸੀ। ਉਹ ਸਰਦਾਰ ਗੁਰਬਖਸ਼ ਸਿੰਘ ਦੀ ਪੁੱਤਰੀ ਸੀ ਤੇ ਉਹ ਘਨ੍ਹਈਆ ਮਿਸਲ ਦੇ ਮਾਲਕ ਸਨ। ਮਹਾਰਾਜੇ ਨੇ ਇਹ ਸ਼ਾਦੀ 1796 ’ਚ ਕੀਤੀ। ਇਸ ਪਤਨੀ ਤੋਂ ਕੰਵਰ ਈਸ਼ਵਰ ਸਿੰਘ 1802 ’ਚ ਤੇ ਮੌਤ 1804 ’ਚ ਹੋਈ, ਮਹਾਰਾਜਾ ਸ਼ੇਰ ਸਿੰਘ ਦੂਸਰਾ ਲੜਕਾ ਪੈਦਾ ਹੋਇਆ (ਮਿਤੀ 4 ਦਸੰਬਰ 1807 ਤੋਂ 15 ਸਤੰਬਰ 1843) ਤੇ ਤੀਸਰਾ ਲੜਕਾ ਸ਼ਹਿਜ਼ਾਦਾ ਤਾਰਾ ਸਿੰਘ ਪੈਦਾ ਹੋਏ।

1798 ’ਚ ਮਹਾਰਾਜੇ ਨੇ ਰਾਣੀ ਰਾਜ ਕੌਰ (ਜਿਸ ਦੇ ਦੂਸਰੇ ਨਾਂ ਦਾਤਾਰ ਕੌਰ ਜਾਂ ਮਾਈ ਨਕਾਇਨ) ਸੀ। ਇਹ ਮਹਾਰਾਜੇ ਦਾ ਦੂਸਰਾ ਵਿਆਹ ਸੀ। ਇਸ ਰਾਣੀ ਦੀ ਮੌਤ 20 ਜੂਨ 1838 ਜਾਂ 1818 ’ਚ ਹੋਈ ਸੀ। ਇਸ ਰਾਣੀ ਦੇ ਪਿਤਾ ਦਾ ਨਾਂਅ ਸਰਦਾਰ ਰਣ ਸਿੰਘ ਸੀ ਜੋ ਨਕਾਈ ਮਿਸਲ ਦਾ ਮਾਲਕ ਸੀ।

ਮਹਾਰਾਜੇ ਨੇ ਜਿਸ ਰਾਣੀ ਨਾਲ ਤੀਸਰਾ ਵਿਆਹ ਕਰਵਾਇਆ ਉਸ ਦਾ ਨਾਮ, ਸ਼ਾਦੀ ਦੀ ਤਰੀਕ ਤੇ ਮੌਤ ਬਾਰੇ ਜਾਣਕਾਰੀ ਨਹੀਂ ਹੈ ਪਰ ਉਹ ਵਜ਼ੀਰ ਨਕੁਡਾ ਜੋ ਕਿ ਜਸਵਾਨ ਦਾ ਰਹਿਣ ਵਾਲਾ ਸੀ ਦੀ ਪੁੱਤਰੀ ਸੀ।

ਮਹਾਰਾਜੇ ਨੇ ਚੌਥਾ ਵਿਆਹ ਰਾਣੀ ਰਤਨ ਕੌਰ ਨਾਲ ਕਰਾਇਆ ਜੋ ਕਿ ਸਾਹਿਬ ਸਿੰਘ ਭੰਗੀ ਦੀ ਵਿਧਵਾ ਪਤਨੀ ਸੀ। ਇਸ ਰਾਣੀ ਦੀ ਕੁੱਖੋਂ 1819 ਨੂੰ ਕੰਵਰ ਮੁਲਤਾਨਾ ਸਿੰਘ ਨੇ ਜਨਮ ਲਿਆ ਤੇ ਉਸ ਦੀ ਮੌਤ 1848 ’ਚ ਹੋਈ ਸੀ।

ਮਹਾਰਾਜੇ ਦੀ ਪੰਜਵੀਂ ਪਤਨੀ ਦਾ ਨਾਂ ਦਇਆ ਕੌਰ ਸੀ ਤੇ ਉਹ ਵੀ ਸਾਹਿਬ ਸਿੰਘ ਭੰਗੀ ਦੀ ਵਿਧਵਾ ਪਤਨੀ ਸੀ ਤੇ ਉਸ ਦੀ ਮੌਤ 1843 ਨੂੰ ਹੋਈ ਸੀ।

ਮਹਾਰਾਜੇ ਦੀ ਛੇਵੀਂ ਪਤਨੀ ਦਾ ਨਾਂ ਰਾਣੀ ਰੂਪ ਕੌਰ ਸੀ ਤੇ ਉਹ ਜੈ ਸਿੰਘ ਦੀ ਪੁੱਤਰੀ ਸੀ ਤੇ ਉਹ ਕੋਟ ਸਈਅਦ ਮਹਿਮੂਦ ਦੇ ਰਹਿਣ ਵਾਲੇ ਸਨ। ਇਹ ਸ਼ਾਦੀ 1815 ’ਚ ਹੋਈ ਸੀ।

ਮਹਾਰਾਜੇ ਨੇ ਸੱਤਵੀਂ ਸ਼ਾਦੀ ਰਾਣੀ ਚਾਂਦ ਕੌਰ ਨਾਲ 1815 ’ਚ ਕਰਵਾਈ ਸੀ ਤੇ ਉਹ ਪਿੰਡ ਚੈਨਪੁਰ (ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ ਤੇ ਇਹ ਰਾਣੀ ਜੈ ਸਿੰਘ ਦੀ ਪੁੱਤਰੀ ਸੀ। ਇਸ ਰਾਣੀ ਦੀ ਮੌਤ 1840 ’ਚ ਹੋਈ ਸੀ।

ਰਾਣੀ ਗੁਲਾਬ ਕੌਰ ਨਾਲ ਮਹਾਰਾਜੇ ਦੀ ਇਹ ਅੱਠਵੀਂ ਸ਼ਾਦੀ ਸੀ। ਇਸ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ ਪਰ ਇਸ ਰਾਣੀ ਦੀ ਮੌਤ 1838 ’ਚ ਹੋਈ ਸੀ। ਇਹ ਰਾਣੀ ਅੰਮ੍ਰਿਤਸਰ ਜ਼ਿਲ੍ਹੇ ਦੇ ਜਗਦੇਓ ਪਿੰਡ ਦੇ ਇਕ ਜਗੀਰਦਾਰ ਦੀ ਪੁੱਤਰੀ ਸੀ।

ਰਾਣੀ ਲਕਸ਼ਮੀ ਕੌਰ ਨਾਲ ਮਹਾਰਾਜੇ ਨੇ ਨੌਵੀਂ ਸ਼ਾਦੀ 1820 ’ਚ ਕਰਵਾਈ ਤੇ ਉਹ ਦੇਸਾ ਸਿੰਘ ਦੀ ਪੁੱਤਰੀ ਸੀ ਜਿਹੜੇ ਕਿ ਵੱਡਪੱਗਾ ਜੋਗਕੀ ਖਾਨ ਦੇ ਰਹਿਣ ਵਾਲੇ ਸਨ।

ਮਹਾਰਾਜੇ ਦੀ ਦਸਵੀਂ ਸ਼ਾਦੀ ਰਾਣੀ ਮਹਿਤਾਬ ਕੌਰ ਨਾਲ 1822 ’ਚ ਹੋਈ ਸੀ ਤੇ ਉਹ ਚੌਧਰੀ ਸੁਜਾਨ ਸਿੰਘ ਦੀ ਪੁੱਤਰੀ ਸੀ।

ਰਾਣੀ ਰਾਜ ਬੰਸੋ ਨਾਲ ਮਹਾਰਾਜੇ ਨੇ ਗਿਆਰਵੀਂ ਸ਼ਾਦੀ 1829 ’ਚ ਹੋਈ ਸੀ ਤੇ ਉਹ ਚੌਧਰੀ ਸੁਜਾਨ ਸਿੰਘ ਦੀ ਪੁੱਤਰੀ ਸੀ।

ਰਾਣੀ ਰਾਜ ਬੰਸੋ ਨਾਲ ਮਹਾਰਾਜੇ ਨੇ ਗਿਆਰਵੀਂ ਸ਼ਾਦੀ 1829 ’ਚ ਕਰਵਾਈ ਸੀ। ਇਹ ਰਾਜਾ ਸੰਸਾਰ ਚੰਦ-2 ਜਿਹੜਾ ਕਿ ਕਾਂਗੜੇ ਦਾ ਨਿਵਾਸੀ ਸੀ, ਦੀ ਪੁੱਤਰੀ ਸੀ।

ਮਹਾਰਾਜੇ ਨੇ ਆਪਣੀ ਬਾਰ੍ਹਵੀਂ ਸ਼ਾਦੀ ਰਾਣੀ ਮਹਿਤਾਬ ਦੇਵੀ ਨਾਲ 1829 ’ਚ ਕਰਵਾਈ ਸੀ। ਇਹ ਰਾਣੀ 1839 ’ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ। ਇਹ ਵੀ ਕਾਂਗੜੇ ਦੇ ਰਾਜਾ ਸੰਸਾਰ ਚੰਦ-2 ਦੀ ਪੁੱਤਰੀ ਸੀ।

ਰਾਣੀ ਰਾਮ ਦੇਵੀ ਮਹਾਰਾਜੇ ਦੀ ਤੇਰਵੀਂ ਪਤਨੀ ਸੀ। ਇਹ ਰਾਣੀ ਕੌਰ ਸਿੰਘ ਦੀ ਪੁੱਤਰੀ ਸੀ, ਜੋ ਕਿ ਚੱਕਰੀਵਾਲਾ ਦੇ ਰਹਿਣ ਵਾਲੇ ਸਨ। ਇਸ ਰਾਣੀ ਦੀ ਮੌਤ 1839 ਤੋਂ ਪਹਿਲਾਂ ਹੀ ਹੋ ਗਈ ਸੀ।

ਮਹਾਰਾਜੇ ਦੀ ਚੌਦਵੀਂ ਸ਼ਾਦੀ ਸਰਦਾਰ ਕਰਮ ਸਿੰਘ ਛੀਨਾ ਦੀ ਪੁੱਤਰੀ ਨਾਲ ਹੋਈ ਪਰ ਇਹਨਾਂ ਦੇ ਵਿਆਹ ਦਾ ਸੰਨ ਤੇ ਰਾਣੀ ਦੀ ਮੌਤ ਕਦੋਂ ਹੋਈ, ਦਾ ਵੇਰਵਾ ਮਿਲ ਨਹੀਂ ਸਕਿਆ। ਰਾਣੀ ਸੰਮਨ ਕੌਰ ਨਾਲ ਮਹਾਰਾਜੇ ਦੀ ਪੰਦ੍ਰਵੀਂ ਸ਼ਾਦੀ 1832 ’ਚ ਹੋਈ ਸੀ। ਇਸ ਰਾਣੀ ਦੇ ਪਿਤਾ ਦਾ ਨਾਂ ਸੂਬਾ ਸਿੰਘ ਸੀ। ਇਸ ਰਾਣੀ ਦੀ ਮੌਤ ਕਦੋਂ ਹੋਈ ਦਾ ਵੇਰਵਾ ਨਹੀਂ ਮਿਲ ਸਕਿਆ।

ਰਾਣੀ ਗੁੱਲ ਬਹਾਰ ਬੇਗਮ ਨਾਲ ਮਹਾਰਾਜੇ ਨੇ 1832 ’ਚ ਸੋਲਵੀਂ ਸ਼ਾਦੀ ਕਰਵਾਈ ਤੇ ਇਸ ਰਾਣੀ ਬੇਗਮ ਦੀ ਮੌਤ 1863 ’ਚ ਲਾਹੌਰ ਵਿਖੇ ਹੋਈ ਸੀ। ਮਹਾਰਾਜੇ ਦੀ ਇਹ ਪਤਨੀ ਇਕ ਨਰਤਕੀ (ਅਹਿਲ ਨਿਸ਼ਾਤ) ਸੀ ਜਿਹੜੀ ਕਿ ਅੰਮ੍ਰਿਤਸਰ ਦੀ ਰਹਿਣ ਵਾਲੀ ਸੀ। ਇਸ ਨੂੰ ਅੰਗਰੇਜ਼ ਸਰਕਾਰ ਨੇ 12389 ਰੁਪਏ ਦੀ ਪੈਨਸ਼ਨ ਵੀ ਲਗਾਈ ਸੀ।

ਮਹਾਰਾਣੀ ਜਿੰਦ ਕੌਰ ਨਾਲ ਮਹਾਰਾਜੇ ਦੀ 1835 ’ਚ ਸਤਾਰ੍ਹਵੀਂ ਸ਼ਾਦੀ ਹੋਈ ਸੀ। ਇਸ ਮਹਾਰਾਣੀ ਦੀ ਮੌਤ 1 ਅਗਸਤ 1863 ਨੂੰ ਲੰਡਨ ’ਚ ਹੋਈ ਸੀ। ਇਸ ਮਹਾਰਾਣੀ ਦੀ ਕੁੱਖੋਂ ਮਹਾਰਾਜਾ ਦਲੀਪ ਸਿੰਘ ਨੇ 5 ਸਤੰਬਰ 1838 ਨੂੰ ਜਨਮ ਲਿਆ ਸੀ ਤੇ 23 ਅਕਤੂਬਰ 1893 ਨੂੰ ਪੈਰਿਸ ’ਚ ਉਹਨਾਂ ਦੀ ਮੌਤ ਹੋਈ ਸੀ।

ਰਾਣੀ ਹਰਦੇਵੀ ਮਹਾਰਾਜੇ ਦੀ ਅਠਾਰਵੀਂ ਪਤਨੀ ਸੀ। ਇਸ ਦੀ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ। ਇਹ ਰਾਣੀ 1839 ’ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ। ਇਹ ਰਾਣੀ ਚੌਧਰੀ ਰਾਮ ਜੋ ਕਿ ਸਲੇਰੀਆ ਰਾਜਪੂਤ ਦੀ ਪੁੱਤਰੀ ਸੀ।

ਰਾਣੀ ਰਾਜ ਦੇਵੀ ਮਹਾਰਾਜੇ ਦੀ ਉਨੀਵੀਂ ਪਤਨੀ ਸੀ। ਇਸ ਦੀ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ। ਉਹ ਪਦਮਾ ਰਾਜਪੂਤ ਦੀ ਬੇਟੀ ਸੀ ਤੇ ਇਹ ਰਾਣੀ ਵੀ ਮਹਾਰਾਜੇ ਦੀ 1839 ’ਚ ਮੌਤ ਉਪਰੰਤ ਸਤੀ ਹੋ ਗਈ ਸੀ।

ਮਹਾਰਾਜੇ ਦੀ ਬੀਹਵੀਂ ਪਤਨੀ ਦਾ ਨਾਂ ਰਾਣੀ ਰਜਨੋ ਕੌਰ ਸੀ, ਉਹ ਸੈਂਡ ਬਾਹਰੀ ਦੀ ਪੁੱਤਰੀ ਸੀ ਤੇ ਉਹ ਵੀ ਸੰਨ 1839 ’ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਨੇ 1802 ਈਸਵੀ ’ਚ ਮੋਰਾਂ ਨਾਮ ਦੀ ਨਰਤਕੀ ਨਾਲ ਵੀ ਵਿਆਹ ਕਰਵਾਇਆ ਸੀ। ਇਸ ਰਾਣੀ ਨੂੰ ’ਮੋਰਾਂ ਸਰਕਾਰ’ ਦੇ ਨਾਮ ਨਾਲ ਵੀ ਬੁਲਾਇਆ ਜਾਂਦਾ ਸੀ। ਇਹ ਮਹਾਰਾਜਾ ਦੇ ਬਾਰਾਂਦਰੀ ਦੀ ਨਰਤਕੀ ਸੀ ਤੇ ਇਕ ਮੁਸਲਮਾਨ ਪਰਿਵਾਰ ਨਾਲ ਸਬੰਧ ਰੱਖਦੀ ਸੀ ਤੇ ਇਸ ਦਾ ਜਨਮ ਲਾਹੌਰ ਦੇ ਨਜ਼ਦੀਕ ਮੱਖਣਪੁਰ ਪਿੰਡ ’ਚ ਹੋਇਆ ਸੀ। ਮੋਰਾਂ ਨਾਲ ਵਿਆਹ ਕਰਵਾਉਣ ’ਤੇ ਮਹਾਰਾਜੇ ਦੀ ਸਿੱਖ ਜਗਤ ’ਚ ਬੜੀ ਆਲੋਚਨਾ ਹੋਈ ਸੀ ਜਿਸ ’ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਕਾਲੀ ਫੂਲਾ ਸਿੰਘ ਜੀ ਨੇ ਅਕਾਲ ਤਖਤ ’ਤੇ ਸੱਦ ਕੇ ਸਜਾ ਵੀ ਸੁਣਾਈ ਸੀ ਤੇ ਮਹਾਰਾਜੇ ਨੇ ਇਹ ਸਜਾ ਸਵੀਕਾਰ ਕਰਕੇ ਤੇ ਝੱਲ ਕੇ ਭੁੱਲ ਵੀ ਬਖ਼ਸ਼ਾਈ ਸੀ। ਇਸ ਤਰਾਂ ਮਹਾਰਾਜਾ ਦੀ ਇਹ ਇੱਕੀਵੀਂ ਸ਼ਾਦੀ ਬਣਦੀ ਹੈ।

ਇਹਨਾਂ ਉਕਤ ਦੱਸੀਆਂ ਗਈਆਂ ਪਤਨੀਆਂ ਤੋਂ ਇਲਾਵਾ ਵੀ ਕਈ ਅਜਿਹੀਆਂ ਔਰਤਾਂ ਸਨ, ਜਿਹਨਾਂ ਦੇ ਮਹਾਰਾਜਾ ਨਾਲ ਨਾਜਾਇਜ਼ ਸਬੰਧ ਸਨ। ਰਾਣੀ ਜਿੰਦਾ ਵਰਗੀ ਖੂਬਸੂਰਤ ਔਰਤ ਨਾਲ ਆਪਣੀ ਅਖੀਰਲੀ ਉਮਰੇ ਸ਼ਾਦੀ ਕਰਾਉਣਾ, ਮਹਾਰਾਜੇ ਦਾ ਅਯਾਸ-ਪ੍ਰਸਤ ਹੋਣ ਦਾ ਇਕ ਪ੍ਰਤੱਖ ਪ੍ਰਮਾਣ ਨਜ਼ਰ ਆਉਂਦਾ ਹੈ।

ਮਹਾਰਾਜਾ ਸ਼ਰਾਬ, ਕਬਾਬ, ਸ਼ਬਾਬ ਤੇ ਅਫ਼ੀਮ ਖਾਣ ਦੇ ਆਦੀ ਸਨ। ਪਰ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਇਹਨਾਂ ਆਦਤਾਂ ਨੂੰ ਉਹਨਾਂ ਨੇ ਆਪਣੇ ਤੇ ਹਾਵੀ-ਪ੍ਰਭਾਵੀ ਨਹੀਂ ਹੋਣ ਦਿੱਤਾ।

ਇਸ ਦੇ ਉਲਟ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਇਹ ਅਲਾਮਤਾਂ ਉਹਨਾਂ ਤੇ ਹਾਵੀ-ਪ੍ਰਭਾਵੀ ਹੋ ਗਈਆਂ ਸਨ ਤੇ ਉਹ ਆਪਣੀ ਪ੍ਰਸ਼ਾਸਨ ਪਕੜ ’ਚ ਅਖੀਰਲੀ ਉਮਰੇ ਢਿੱਲੇ ਪੈ ਗਏ ਸਨ ਤੇ ਉਹਨਾਂ ਦੀ ਜ਼ਿਆਦਾ ਨਿਰਭਰਤਾ ਆਪਦੇ ਡੋਗਰੇ ਸਰਦਾਰਾਂ ਧਿਆਨ ਸਿੰਘ, ਲਾਲ ਸਿੰਘ ਤੇ ਤੇਜਾ ਸਿੰਘ ’ਤੇ ਹੋ ਗਈ ਸੀ।

ਇਸ ਨਿਰਭਰਤਾ ਦਾ ਡੋਗਰੇ ਸਰਦਾਰਾਂ ਨੇ ਬਹੁਤ ਨਾਜਾਇਜ਼ ਫਾਇਦਾ ਵੀ ਉਠਾਇਆ। ਉਹ ਮਹਾਰਾਜੇ ਦੇ ਇਕੋ-ਇਕ ਵਫ਼ਾਦਾਰ ਮਹਾਨ ਵਿਸ਼ਵ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਮੌਤ ਦਾ ਕਾਰਨ ਵੀ ਬਣੇ ਤੇ ਮਹਾਰਾਜੇ ਦੇ ਸ਼ਾਸਨ ਨੂੰ ਢਹਿੰਦੀਆਂ ਕਲਾਂ ਵੱਲ ਲੈ ਗਏ ਤੇ ਉਹਨਾਂ ਨੇ ਖਾਲਸਾ ਦਰਬਾਰ ’ਚ ਕਈ ਮਾਰੂ ਸਾਜ਼ਿਸ਼ਾਂ ਆਰੰਭ ਕਰ ਦਿੱਤੀਆਂ।

ਇਸ ਦਾ ਇਹ ਵੀ ਇਕ ਮਾਰੂ ਨਤੀਜਾ ਨਿਕਲਿਆ ਕਿ ਮਹਾਰਾਜਾ ਆਪਣੇ ਵਾਰਸਾਂ ਪ੍ਰਤੀ, ਇਹਨਾਂ ਹਾਲਤਾਂ ’ਚ ਅਵੇਸਲਾ ਹੋ ਗਿਆ, ਜਿਸ ਦਾ ਮਾਰੂ ਨਤੀਜਾ ਇਹ ਨਿਕਲਿਆ ਕਿ ਮਹਾਰਾਜੇ ਦੀ ਮੌਤ ਦੇ ਤਕਰੀਬਨ ਦਸਾਂ ਸਾਲਾਂ ਦੇ ਅੰਦਰ-ਅੰਦਰ ਹੀ ਵਿਸ਼ਾਲ ’ਖਾਲਸਾ ਰਾਜ’ ਡੋਗਰੇ ਸਰਦਾਰਾਂ ਦੀ ਗੱਦਾਰੀ, ਡੋਗਰਿਆਂ ਨੇ ਮਹਾਰਾਜੇ ਦੀਆਂ ਕਮਜ਼ੋਰੀਆਂ ਤੇ ਮਹਾਰਾਜੇ ਦੇ ਕਮਜ਼ੋਰ ਵਾਰਸਾਂ ਦਾ ਸਹਾਰਾ ਭੇਦ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ ਤੇ ਡੋਗਰੇ ਸਰਦਾਰ ਅੰਗਰੇਜ਼ਾਂ ਦੇ ਝਾਂਸੇ ’ਚ ਆ ਕੇ ਉਹਨਾਂ ਪਾਸ ਵਿਕ ਗਏ ਤੇ ਮਹਾਰਾਜੇ ਦਾ ਰਾਜ ਅੰਗਰੇਜ਼ ਹਕੂਮਤ ਦੇ ਅਧੀਨ ਹੋ ਗਿਆ ਤੇ ਫਿਰ ਮੁੜ ਖਾਲਸਾ ਰਾਜ ਕਦੀ ਸਥਾਪਤ ਨਾ ਹੋ ਸਕਿਆ।

ਕਈ ਇਤਿਹਾਸਕਾਰ ਲਿਖਦੇ ਹਨ ਕਿ ਮਹਾਰਾਜੇ ਨੂੰ ਆਪਦੇ ਜਿਊਂਦੇ ਜੀਅ ਆਪਣੀ ਚੜ੍ਹਤ ਸਮੇਂ ਹੀ ਅੰਗਰੇਜ਼ਾਂ ਨਾਲ ‘ਸਤਲੁਜ ਸੰਧੀ’ ਕਰਨ ਦੀ ਥਾਂ, ਮੱਥਾ ਲਾ ਕੇ ਅੰਗਰੇਜ਼ ਹਕੂਮਤ ਨੂੰ ਖਤਮ ਕਰਨਾ ਚਾਹੀਦਾ ਸੀ ਤਾਂ ਜੋ ਭਾਰਤ ਨੂੰ ਆਜ਼ਾਦ ਕਰਾਇਆ ਜਾ ਸਕਦਾ ਸੀ ਕਿਉਂਕਿ ਉਸ ਸਮੇਂ ਅੰਗਰੇਜ਼ ਮਹਾਰਾਜੇ ਦੀ ਤਾਕਤ ਤੋਂ ਡਰਦੇ ਵੀ ਸਨ।

ਮਹਾਰਾਜੇ ’ਚ ਇਹ ਵੀ ਕਮਜ਼ੋਰੀ ਰਹੀ ਕਿ ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਥਾਂ ਫਾਰਸੀ ਭਾਸ਼ਾ ਨੂੰ ਆਪਣੀ ਦਰਬਾਰੀ ਭਾਸ਼ਾ ਬਣਾਇਆ, ਅਗਰ ਉਹ ਚਾਹੁੰਦੇ ਤਾਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾ ਸਕਦੇ ਸਨ।

ਇਹ ਵੀ ਇਕ ਵੱਡਾ ਦੁਖਾਂਤ ਹੈ ਕਿ ਪੰਜਾਬੀਆਂ ਦਾ ਆਪਣਾ ਇੰਨਾ ਵੱਡਾ ਤੇ ਸ਼ਕਤੀਸ਼ਾਲੀ ਸਾਮਰਾਜ ਹੋਏ ਤੇ ਪੰਜਾਬੀ ਭਾਸ਼ਾ ਜੋ ਪੰਜਾਬੀਆਂ ਦੀ ਮਾਂ ਬੋਲੀ ਹੈ, ਨੂੰ ਰਾਜ ਭਾਸ਼ਾ ਦਾ ਸਨਮਾਨ ਨਾ ਮਿਲੇ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਜਾਬ ’ਤੇ ਮੁੱਖ ਤੌਰ ’ਤੇ ਦੋ ਪਾਰਟੀਆਂ ਦਾ ਹੀ ਰਾਜ ਰਿਹਾ ਹੈ। ਉਹ ਪੰਜਾਬ ਦੇ ਲੋਕਾਂ ਨੂੰ ਮਨ-ਲੁਭਾਉਣੇ ਬਿਆਨ ਦੇ ਕੇ ਗੁੰਮਰਾਹ ਕਰ ਰਹੀਆਂ ਹਨ ਕਿ ਅਸੀਂ ਪੰਜਾਬ ਨੂੰ ਕੈਲੇਫੋਰਨੀਆ ਬਣਾ ਦਿਆਂਗੇ। ਇਹ ਸਾਰੇ ਬਿਆਨ ਨਿਰੇ ਹਵਾਈ ਕਿਲ੍ਹੇ ਹਨ, ਜਿਹਨਾਂ ਨੂੰ ਵੋਟਾਂ ਦੀ ਰਾਜਨੀਤੀ ਕਿਹਾ ਜਾ ਸਕਦਾ ਹੈ।

ਅੱਜ ਪੰਜਾਬ ਦੀ ਜੋ ਦੁਰਦਸ਼ਾ ਇਹਨਾਂ ਰਾਜਨੀਤਿਕ ਲੋਕਾਂ ਨੇ ਕਰ ਦਿੱਤੀ ਹੈ, ਜਿਹੜੀ ਕਿ ਅਫ਼ਗਾਨਿਸਤਾਨ ਦੀ ਆਰਥਿਕ ਹਾਲਤ ਤੋਂ ਵੀ ਭੈੜੀ ਹੈ। ਇਹ ਪੰਜਾਬ ਨੂੰ ਕੈਲੇਫੋਰਨੀਆ ਅਗਲੇ ਸੌ ਸਾਲਾਂ ਤੱਕ ਵੀ ਨਹੀਂ ਬਣਾ ਸਕਦੇ। ਕੈਲੇਫੋਰਨੀਆ ਤਾਂ ਅਮਰੀਕਾ ਦੀ ਸਭ ਤੋਂ ਅਮੀਰ ਸਟੇਟ ਹੈ ਜਿਸ ਨੂੰ ‘ਗੋਲਡਨ ਸਟੇਟ’ ਦਾ ਦਰਜਾ ਪ੍ਰਾਪਤ ਹੈ ਤੇ ਇੱਥੇ ਭ੍ਰਿਸ਼ਟਾਚਾਰ ਦਾ ਨਾਮੋ-ਨਿਸ਼ਾਨ ਨਹੀਂ ਹੈ। ਇਸ ਲਈ ਰਾਜਨੀਤੀਕਰਨ ਵਾਲੇ ਲੋਕੋ, ਰਾਜਨੀਤੀ ਨੂੰ ਆਪਣਾ ਵਿਉਪਾਰ ਨਾ ਬਣਾਓ, ਸਗੋਂ ਲੋਕ ਹਿੱਤਾਂ ਲਈ ਕੰਮ ਕਰੋ ਤੇ ਲੋਕਾਂ ਨੂੰ ਮੁੰਗੇਰੀ ਲਾਲ ਦੇ ਸੁਪਨੇ ਨਾ ਦਿਖਾਓ। ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਕਰੋ, ਪੜ੍ਹੇ ਲਿਖੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੋ ਤਾਂ ਜੋ ਨੌਜਵਾਨ ਪੜ੍ਹ ਲਿਖ ਕੇ ਆਪਣੇ ਦੇਸ਼ ਦੀ ਸੇਵਾ ਕਰ ਸਕਣ ਤੇ ਵਿਦੇਸ਼ਾਂ ਵੱਲ ਰੁਜ਼ਗਾਰ ਦੀ ਖਾਤਰ ਨਾ ਭੱਜਣ।

ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ’ਖਾਲਸ ਰਾਜ’ ਨਿਮਾਣਿਆਂ ਨੂੰ ਮਾਣ ਦੇਣ ਵਾਲਾ, ਨਿਤਾਣਿਆਂ ਨੂੰ ਤਾਣ ਦੇਣ ਵਾਲਾ, ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਤੇ ਲੋਕਾਂ ਨੂੰ ਨਿਰਛਲਤਾ ਨਾਲ ਪਿਆਰ ਕਰਨ ਵਾਲਾ ਰਾਜ ਸੀ। ਉਹ ਉੱਚੇ ਆਦਰਸ਼ਾਂ ਦੇ ਮਾਲਕ ਸਨ।

ਉਹਨਾਂ ਨੇ ਸਰਕਾਰੀ ਸਿੱਕੇ ਤੇ ਬੰਦਾ ਬਹਾਦਰ ਵਾਲੇ ਸ਼ਬਦ ਹੀ ਉਕਰਵਾਏ: ‘ਦੇਗੋ ਤੇਗੋ ਫਤਿਹ ਨੁਸਰਤ ਬੇਦ ਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।’ ‘ਖਾਲਸਾ ਪੰਥ’ ਨੂੰ ਉੱਚਾ ਦਰਜਾ ਦੇਣ ਲਈ ਸਰਕਾਰੀ ਝੰਡੇ ’ਤੇ ’ਅਕਾਲ ਸਹਾਇਕ’ ਧਾਰਨ ਕਰਵਾਇਆ।

ਆਪਣੇ ਨਾਂ ਜਾਂ ਆਪਣੀ ਮਿਸਲ ਸ਼ੁੱਕਰਚੱਕੀਆ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਉਹਨਾਂ ਨੇ ਆਪਣੇ ਖਾਲਸਾ ਰਾਜ ’ਚ ਸਮੁੱਚੀ ਪੰਜਾਬੀਅਤ ਨੂੰ ਇਕ ਕੌਮ ਬਣਾਉਣ ਦਾ ਯਤਨ, ਸੱਚੇ ਦਿਲੋਂ ਕੀਤਾ। ਉਹਨਾਂ ਦੀ ਵਿਲੱਖਣ ਮਹਾਨਤਾ ਤੇ ਸ਼ਖਸੀਅਤ ਉਹਨਾਂ ਨੂੰ ਮਹਾਂਬਲੀ ਰਣਜੀਤ ਸਿੰਘ ਅਖਵਾਉਣ ਦੀ ਹਾਮੀ ਭਰਦੀ ਹੈ।

ਉਹਨਾਂ ਦੇ ਆਪਣੇ ਨਿੱਜੀ ਉੱਚਤਮ ਗੁਣਾਂ ਤੋਂ ਮਾਲੂਮ ਹੁੰਦਾ ਹੈ ਕਿ ਉਹ ਆਪਣੇ ਵਿਰਸੇ ਤੋਂ ਹੀ ਇਕ ਵਧੀਆ ਸ਼ਾਸਕ ਸਨ।

ਸਿੱਖ ਕੌਮ ਨੂੰ ਉਚਾਈ ਦੀਆਂ ਬੁਲੰਦੀਆਂ ਤੇ ਵਧੀਆ ਸ਼ਾਸਕੀ ਪ੍ਰਬੰਧ ਦੇਣ ਕਰਕੇ, ਅੰਗਰੇਜ਼ਾਂ, ਫਰਾਂਸੀਸੀਆਂ, ਰੂਸੀ ਤੇ ਪੁਰਤਗੇਜ਼ੀ ਕੌਮਾਂ ਦੇ ਮੁਕਾਬਲੇ ’ਚ ਇਕ ਤਾਕਤਵਰ ‘ਸਿੱਖ ਖਾਲਸਾ ਰਾਜ’ ਦੀ ਸਥਾਪਨਾ ਕਰਨ ਲਈ, ਉਹਨਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਤੇ ਸਲਾਹਿਆ ਜਾਵੇਗਾ। ਇਕ ਵਿਸ਼ਾਲ ਸਿੱਖ ਖਾਲਸਾ ਰਾਜ ਸਥਾਪਤ ਕਰਨਾ, ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਹੈ ਜਿਸ ਨੂੰ ਸਿੱਖ ਇਤਿਹਾਸ ਦਾ ‘ਸੁਨਹਿਰੀ ਯੁੱਗ’ ਕਹਿਣ ’ਚ ਕੋਈ ਅੱਤਕਥਨੀ ਨਹੀਂ ਹੈ।

*******

## ਸਾਰੇ ਸਕੂਲਾਂ ’ਚ ਸੰਗੀਤ ਵਿਸ਼ਾ ਕਿਉਂ ਨਹੀਂ



ਮੇਜਰ ਸਿੰਘ ਨਾਭਾ
91-94635-53962

ਅੱਜ ਸੰਗੀਤ ਦੀ ਦੁਨੀਆਂ ’ਚ ਛੋਟੇ ਛੋਟੇ ਬੱਚੇ ਵੀ ਸਾਮਲ ਹੋ ਰਹੇ ਹਨ ਕਿਉਂ ਕਿ ਸੰਗੀਤ ਮਨ ਨੂੰ ਆਤਮਿਕ ਸਕੂਨ ਤਾਂ ਦਿੰਦਾ ਹੀ ਹੈ ਸਗੋਂ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਬਣਦਾ ਹੈ। ਚੰਗੇ ਸੰਗੀਤਕਾਰ, ਰਾਗੀ, ਗਾਇਕ ਆਦਿ ਲਈ ਸੰਗੀਤ ਵਿਦਿਆ ਦੀਆਂ ਬਾਰੀਕੀਆਂ ਦੀ ਜਾਣਕਾਰੀ ਹੋਣੀ ਜਰੂਰੀ ਹੈ। ਟੀ.ਵੀ ਚੈਨਲਾਂ ਤੇ ਬਹੁਤ ਸਾਰੇ ਮੁਕਾਬਲੇ ਦੇ ਪ੍ਰੋਗਰਾਮ ਗਾਇਕ ਬੱਚਿਆਂ ਅਤੇ ਨੋਜਵਾਨਾਂ ਲਈ ਚਲ ਰਹੇ ਹਨ ਜਿਨ੍ਹਾਂ ’ਚੋਂ ਚੁਣੇ ਗਾਇਕ ਆਪਣਾ ਜ਼ਿੰਦਗੀ ਦਾ ਕੈਰੀਅਰ ਸੰਗੀਤ ਨੂੰ ਬਣਾ ਚੁੱਕੇ ਹਨ। ਇਤਿਹਾਸ ਵਿੱਚ ਵੀ ਰਾਜੇ ਮਹਾਰਾਜਿਆਂ ਦੇ ਸਮੇਂ ਸੰਗੀਤ ਦੀ ਕਦਰ ਦੇਖਣ ਨੂੰ ਮਿਲਦੀ ਹੈ। ਸੰਗੀਤ ਨਾਲ ਮਨੁੱਖ ਨੂੰ ਘੱਟੋ ਘੱਟ ਕੁਝ ਪਲਾਂ ਲਈ ਤਾਂ ਦਿਨ ਦੇ ਰੁਝੇਵਿਆਂ ਤੋਂ ਰਾਹਤ ਮਿਲ ਜਾਂਦੀ ਹੈ। ਪੰਜਾਬ ਅੰਦਰ ਸਿੱਖਿਆ ਦਾ ਮਿਆਰ ਡਿੱਗ ਰਿਹਾ ਹੈ। ਇਸ ਸਾਲ ਬੋਰਡ ਦੇ ਨਤੀਜੇ ਮਾੜੇ ਆਉਣ ਕਾਰਣ ਬੱਚੇ ਖੁਦਕਸ਼ੀਆਂ ਦੇ ਰਾਹ ਪੈ ਰਹੇ ਹਨ।ਸਮੇਂ ਦੀ ਲੋੜ ਅਨੁਸਾਰ ਸਿਲੇਬਸ਼ ਵਿਚਲੇ ਜਰੂਰੀ ਵਿਸ਼ਿਆਂ ਨੂੰ ਆਪਸ਼ਨਲ ਬਨਾਉਣ ਦੀ ਲੋੜ ਹੈ। ਬੱਚਿਆਂ ਦੀਆਂ ਰੁਚੀਆਂ ਮੁਤਾਬਕ ਉਨ੍ਹਾਂ ਨੂੰ ਪੜ੍ਹਨ ਲਈ ਬੋਰਡ ਵਲੋਂ ਸ਼ਾਮਲ ਸਾਰੇ ਵਿਸ਼ਿਆਂ ਦੇ ਅਧਿਆਪਕ ਹੀ ਨਹੀਂ ,ਫਿਰ ਇਨ੍ਹਾਂ ਵਿਸ਼ਿਆਂ ਦੀ ਬੱਚਿਆ ਲਈ ਕੀ ਮਹੱਤਤਾ ਹੈ। ਪੰਜਾਬ ਅੰਦਰ ਭਾਵੇਂ ਸਿੱਖਿਆ ਵਿਭਾਗ ਵਲੋਂ ਸਕੂਲਾਂ ਅੰਦਰ ਸੰਗੀਤ ਵਿਸ਼ੇ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਸੰਗੀਤ ਅਧਿਆਪਕਾਂ ਦੀਆਂ ਆਸਾਮੀਆਂ ਸਿਰਫ ਚੋਣਵੇਂ ਸ਼ਹਿਰੀ ਸਕੂਲਾਂ ਅੰਦਰ ਹੀ ਦਿੱਤੀਆਂ ਗਈਆਂ ਹਨ। ਇਸ ਲਈ ਪਿੰਡਾਂ ਦੇ ਬੱਚਿਆਂ ਅੰਦਰਲੀ ਕਲਾ ਨੂੰ ਉਜਾਗਰ ਕਰਨ ਦਾ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾਂਦਾ,ਹੋ ਸਕਦਾ ਇਨ੍ਹਾਂ ਵਿੱਚੋਂ ਕਿੰਨੇ ਹੀ ਬੱਚੇ ਸੰਗੀਤਕਾਰ ਬਣ ਸਕਦੇ ਹੋਣ। ਸਰਕਾਰ ਉਂਝ ਤਾਂ ਰੁਜਗਾਰ ਦੇ ਮੌਕੇ ਪੈਦਾ ਕਰਨ ਤੋਂ ਅਸਮਰੱਥ ਜਾਪਦੀ ਹੀ ਹੈ, ਜੋ ਮੌਕੇ ਆਪਣੇ ਆਪ ਹੀ ਬੱਚੇ ਨੂੰ ਮਿਲਦੇ ਹੋਣ ਉਨ੍ਹਾਂ ਨੂੰ ਸਾਰੇ ਬੱਚਿਆਂ ਨੂੰ ਦੇਣ ਵਿੱਚ ਕੀ ਹਰਜ਼ ਹੈ। ਛੇਵੀਂ ਤੋਂ ਅੱਠਵੀਂ ਤੱਕ ਸਿਲੇਬਸ ਵਿੱਚ ਸਿੱਖਿਆ ਬੋਰਡ ਵਲੋਂ ਸੰਗੀਤ (ਗਾਇਨ) ਅਤੇ ਸੰਗੀਤ ਵਾਦਨ ਵਿਸ਼ੇ ਹੋਰਾਂ ਵਿਸ਼ਿਆਂ ਨਾਲ ਸ਼ਾਮਲ ਕੀਤੇ ਗਏ ਹਨ ਪਰ ਸਕੂਲਾਂ ਵਿੱਚ ਪੜ੍ਹਾਉਣ ਲਈ ਸੰਗੀਤ ਅਧਿਆਪਕਾਂ ਦਾ ਕੋਈ ਪ੍ਰੰਬਧ ਹੀ ਨਹੀਂ। ਹਾਈ ਵਿਭਾਗ ਦੇ ਸਿਲੇਬਸ ਵਿੱਚ ਸਿੱਖਿਆ ਬੋਰਡ ਵਲੋਂ 17 ਚੋਣਵੇਂ ਵਿਸ਼ੇ ਅਤੇ16 ਪ੍ਰੀ-ਵੋਕੇਸਨਲ ਵਿਸ਼ੇ ਸਾਮਲ ਕੀਤੇ ਗਏ ਹਨ। ਸੰਗੀਤ ਵਿਸ਼ੇ ਨੂੰ ਚੋਣਵੇਂ ਵਿਸ਼ੇ ਵਿੱਚ ਸਾਮਲ ਕੀਤਾ ਗਿਆ ਹੈ। ਡਰਾਇੰਗ ਵਿਸ਼ਾ ਵੀ ਚੋਣਵੇਂ ਵਿਸ਼ੇ ਵਿੱਚ ਸਾਮਲ ਹੈ ਪਰ ਇਸ ਦੀਆਂ ਆਸਾਮੀਆਂ ਸਾਰੇ ਸਕੂਲਾਂ ਵਿੱਚ ਦਿੱਤੀਆਂ ਗਈਆਂ ਹਨ। ਪਰ ਹੋਰ ਚੋਣਵੇਂ ਵਿਸ਼ਿਆਂ ਦੇ ਅਧਿਆਪਕ ਸਕੂਲਾਂ ਵਿੱਚ ਨਾਂਮਾਤਰ ਹੀ ਹਨ।ਸਵੇਰ ਦੀ ਸਭਾ ਪ੍ਰਭਾਵਸ਼ਾਲੀ ਬਨਾਉਣ ਲਈ ਹਰੇਕ ਸਕੂਲ ਅੰਦਰ ਸੰਗੀਤ ਅਧਿਆਪਕ ਦੀ ਲੋੜ ਹੈ। ਬੱਚਿਆਂ ਦੇ ਪੜ੍ਹਾਈ ਦੇ ਬੋਝ ਨੂੰ ਦਿਮਾਗ ਤੋਂ ਹਲਕਾ ਕਰਨ ਲਈ ਡਰਾਇੰਗ ਵਿਸ਼ੇ ਦੀ ਤਰ੍ਹਾਂ ਸੰਗੀਤ ਇੱਕ ਲਾਹੇਵੰਦ ਵਿਸ਼ਾ ਹੈ। ਸੰਗੀਤਕ ਧੁਨੀਆਂ ਨਾਲ ਬੱਚੇ ਨੂੰ ਟਿਕਾਊ ਗਿਆਨ ਆਸਾਨੀ ਨਾਲ ਦਿੱਤਾ ਜਾ ਸਕਦਾ ਹੈ ਜੋ ਕਿ ਸੰਗੀਤ ਅਧਿਆਪਕ ਹੀ ਦੇ ਸਕਦਾ ਹੈ। ਉਚੇਰੀ ਸਿੱਖਿਆ ਵਿੱਚ ਸੰਗੀਤ ਵਿਸ਼ੇ ਦੀ ਆਪਸ਼ਨ ਰੱਖੀ ਗਈ ਹੈ ਸੋ ਇਸ ਵਿਸ਼ੇ ਨਾਲ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਨਾਲ ਇਨਸਾਫ ਤਾਂ ਹੀ ਹੋ ਸਕਦਾ ਹੈ ਜੇ ਉਨ੍ਹਾਂ ਨੇ ਸਕੂਲੀ ਪੱਧਰ ਤੇ ਸੰਗੀਤ ਵਿਸ਼ਾ ਪੜ੍ਹਿਆ ਹੋਵੇਗਾ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਰੇ ਸਕੂਲਾਂ ਵਿੱਚ ਸੰਗੀਤ ਅਧਿਆਪਕਾਂ ਦੀਆਂ ਪੋਸਟਾਂ ਭਰੀਆਂ ਜਾਣ। ਸਰਕਾਰ ਨੂੰ ਹੇਠਲੇ ਪੱਧਰ ਤੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸੰਗੀਤ ਅਧਿਆਪਕਾਂ ਦੀ ਭਰਤੀ ਕਰਕੇ ਬੱਚਿਆਂ ਦੇ ਮਨਾਂ ਤੋਂ ਔਖੇ ਵਿਸ਼ਿਆ ਦੇ ਡਰ ਨੂੰ ਘਟਾਉਣਾ ਚਾਹੀਦਾ ਹੈ ਤਾਂ ਕਿ ਸਿੱਖਿਆ ਦਾ ਮਿਆਰ ਵੀ ਉੱਚਾ ਹੋ ਸਕੇ।

# ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ



ਕੁਲਦੀਪ ਚੰਦ
91-94175-63054

ਅੱਜ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ। ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਮਿਤੀ 7 ਦਸੰਬਰ, 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ। ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਹੋਣ ਵਾਲੇ ਸਮਾਗਮਾਂ ਵਿੱਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਨਸ਼ਿਆਂ ਦੀ ਵੱਧ ਰਹੀ ਵਰਤੋਂ ਨੂੰ ਰੋਕਣ ਲਈ ਸੁਝਾਓ ਦਿੱਤੇ ਜਾਂਦੇ ਹਨ। ਅੱਜ ਦੁਨੀਆਂ ਦਾ ਹਰ ਹਿੱਸਾ ਨਸ਼ਿਆਂ ਤੋਂ ਪ੍ਰਭਾਵਿਤ ਹੈ। ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋ ਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਲੱਗਭੱਗ ਇੱਕ ਅਰਬ ਸਿਰਫ ਹੈਰੋਈਨ ਦੀ ਵਰਤੋਂ ਕਰਨ ਵਾਲੇ ਨਸ਼ਈ ਰਜਿਸਟਰਡ ਹਨ। ਸਾਡਾ ਦੇਸ਼ ਅਤੇ ਸਮਾਜ ਨਸ਼ੇ ਵਿੱਚ ਗ੍ਰਸਤ ਹੋ ਰਿਹਾ ਹੈ। ਨਸ਼ਿਆਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰਸ਼ੁਦਾ ਅਤੇ ਸਰਕਾਰ ਵਲੋਂ ਪਾਬੰਦੀ ਸ਼ੁਦਾ ਨਸ਼ੇ। ਸਾਡੇ ਦੇਸ਼ ਵਿੱਚ ਆਮ ਤੋਰ ਤੇ ਸਰਕਾਰ ਵਲੋਂ ਪਾਬੰਦੀ ਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਦੇਸ ਦੇ ਕੁੱਝ ਸੂਬਿਆਂ ਵਿੱਚ ਪਾਬੰਦੀ ਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮਨਜ਼ੂਰ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਅੱਜ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਅੱਜ ਆਮ ਮਨੁੱਖ ਤਾਂ ਦੂਰ, ਵੱਡੇ-ਵੱਡੇ ਅਖੌਤੀ ਧਾਰਮਿਕ ਆਗੂ ਅਤੇ ਯੋਗੀ ਭੰਗ-ਧਤੂਰੇ ਤੇ ਸ਼ਰਾਬ ਦੇ ਨਸ਼ਿਆਂ ਵਿੱਚ ਡੁੱਬੇ ਪਏ ਹਨ। ਭੰਗ, ਅਫ਼ੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫ਼ੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ ਅਤੇ ਕਈ ਛਿਪਕਲੀਆਂ ਮਾਰ ਕੇ ਉਸਨੂੰ ਭੁੰਨ ਕੇ ਉਸਦੀ ਰਾਖ ਨੂੰ ਸਿਗਰਟ ਵਿੱਚ ਭਰ ਕੇ ਪੀਂਦੇ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਨਸ਼ਿਆਂ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਖੁੱਲ ਕੇ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ ਪਰ ਸਾਡੇ ਨੇਤਾਵਾਂ ਨੂੰ ਸਿਰਫ ਚੋਣਾਂ ਵਿੱਚ ਜਿੱਤਣ ਨਾਲ ਮਤਲਬ ਹੁੰਦਾ ਹੈ। ਨਸ਼ਿਆਂ ਦੇ ਸਮਾਜ ਵਿੱਚ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲ-ਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੌਦਾਗਰਾਂ ਦੀ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਦੇਸ ਵਿੱਚ ਲਾਗੂ ਹੋ ਰਹੀਆਂ ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ, ਪੜ੍ਹਿਆ ਲਿਖਿਆ ਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਨੌਜਵਾਨ ਵਰਗ ਰੁਜ਼ਗਾਰ ਦੇ ਵਸੀਲਿਆਂ ਦੀ ਅਣਹੋਂਦ ਕਾਰਨ ਵਿਹਲ ਤੋਂ ਅੱਕਿਆ ਤੇ ਭਵਿੱਖ ਪ੍ਰਤੀ ਨਿਰਾਸ਼ ਹੋਕੇ ਨਸ਼ਿਆਂ ਦੇ ਜਾਲ ਵਿੱਚ ਫਸ ਰਿਹਾ ਹੈ। ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ੇ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਵਰਤੋਂ ਹੋਰ ਵੀ ਖ਼ਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਮੈਡੀਕਲ ਸਟੋਰਾਂ ਤੋਂ ਮਿਲਣ ਵਾਲੇ ਨਸ਼ਿਆਂ ਦੀ ਵਰਤੋਂ ਦਾ ਰੁਝਾਨ ਜ਼ਿਆਦਾ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆਂ ਲਈ ਕਰਵਾਏ ਗਏ ਸਰਵੇ ਵਿੱਚ ਪੰਜਾਬ ਦੇ ਲੱਗਭੱਗ 10 ਜ਼ਿਲਿਆਂ ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨ-ਤਾਰਨ ਆਦਿ ਵਿੱਚ ਫਰਵਰੀ ਤੋਂ ਅਪ੍ਰੈਲ 2015 ਤੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਦੇ ਸਕੱਤਰ ਹਰਜੀਤ ਸਿੰਘ ਵਲੋਂ ਸਾਲ 2009 ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿੱਤੇ ਗਏ ਐਫੀਡੇਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫੀਸਦੀ ਲੋਕ ਸਖ਼ਤ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ। ਸਰਕਾਰ ਦੀ ਕਮਾਈ ਦਾ ਮੁੱਖ ਸਾਧਨ ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਹੈ ਜਿਸ ਕਾਰਨ ਸ਼ਰਾਬ ਵਰਗੇ ਨਸ਼ੇ ਨੂੰ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਇਸਦਾ ਅੰਦਾਜ਼ਾ ਰਾਜ ਸਰਕਾਰ ਨੂੰ ਨਸ਼ੇ ਦੀ ਵਿਕਰੀ ਤੋਂ ਮਿਲਣ ਵਾਲੇ ਰੈਵੀਨਿਊ ਤੋਂ ਲਾਇਆ ਜਾ ਸਕਦਾ ਹੈ। ਪੰਜਾਬ ਵਿੱਚ ਔਸਤਨ ਹਰ ਪੰਜਾਬੀ ਇੱਕ ਸਾਲ ਵਿੱਚ 12 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ। ਅੱਜ ਸਮਾਜ ਨਸ਼ੇ ਦਾ ਮਾਨਸਿਕ ਤੌਰ ਤੇ ਗੁਲਾਮ ਬਣ ਚੁੱਕਿਆ ਹੈ ਪਰ ਇਸ ਮਾਨਸਿਕ ਗੁਲਾਮੀ ਦਾ ਫਾਇਦਾ ਉਠਾ ਕੇ ਸਰਕਾਰ ਵੱਲੋਂ ਹੀ ਸ਼ਰੇਆਮ ਨਸ਼ੇ ਦਾ ਵਪਾਰ ਕਰਨਾ ਵੀ ਤਾਂ ਜਾਇਜ਼ ਨਹੀਂ ਹੈ। ਚੋਣ ਆਯੋਗ ਵਲੋਂ ਚੋਣਾਂ ਦੌਰਾਨ ਇਸ ਸਬੰਧੀ ਕੀਤੀ ਜਾਂਦੀ ਸਖ਼ਤੀ ਦਾ ਕਾਫੀ ਅਸਰ ਵੇਖਣ ਨੂੰ ਮਿਲਦਾ ਹੈ ਪਰੰਤੂ ਚੋਣਾਂ ਤੋਂ ਬਾਦ ਫਿਰ ਇਹ ਕੰਮ ਖੁੱਲੇ ਤੋਰ ਤੇ ਚੱਲਦਾ ਹੈ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਬੇਸ਼ੱਕ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਸਰਕਾਰ ਵਲੋਂ ਇਸ ਸਮੱਸਿਆ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਕੀਤੀ ਜਾ ਰਹੀ ਸਖ਼ਤੀ ਅਤੇ ਕਾਨੂੰਨੀ ਕਾਰਵਾਈ ਦਾ ਜਿਆਦਾ ਅਸਰ ਵੇਖਣ ਨੂੰ ਨਹੀਂ ਮਿ.ਲ ਰਿਹਾ ਹੈ ਕਿਉਂਕਿ ਦੂਰ ਦੁਰਾਡੇ ਇਲਾਕਿਆਂ ਤੋਂ ਵਿਭਾਗ ਦੀ ਨਜ਼ਰ ਅਜੇ ਵੀ ਦੂਰ ਹੈ ਅਤੇ ਕੁੱਝ ਲਾਲਚੀ ਵਿਅਕਤੀ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਸਰਕਾਰ ਦੁਆਰਾ ਕੀਤੇ ਜਾ ਰਹੇ ਉਪਰਾਲੇ ਜਿਆਦਾ ਸਾਰਥਕ ਸਿੱਧ ਨਹੀਂ ਹੋ ਰਹੇ। ਜ਼ਿਆਦਾਤਰ ਦੋਸ਼ੀਆਂ ਨੂੰ ਰਾਜਨੀਤਿਕ ਦਬਾਅ ਕਾਰਨ ਜਾਂ ਪੈਸੇ ਲੈ ਕੇ ਛੱਡ ਦਿੱਤਾ ਜਾਂਦਾ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿੱਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ ਆਗੂ, ਰਾਜਨੀਤਿਕ ਪਾਰਟੀਆਂ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲ ਕੇ ਅੱਗੇ ਆਣ ਤੇ ਇਸ ਤਰਾਂ ਦੇ ਧੰਦੇ ਵਿੱਚ ਲੱਗੇ ਵਿਅਕਤੀਆਂ ਜੋ ਕਿ ਅਕਸਰ ਉਪਰ ਤੱਕ ਪਹੁੰਚ ਰੱਖਦੇ ਹਨ ਦਾ ਖੁੱਲ ਕੇ ਵਿਰੋਧ ਕੀਤਾ ਜਾਵੇ ਤਾਂ .ਲੋ ਦੇਸ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ।





# ਸਫਲਤਾ ਦੀ ਪ੍ਰਾਪਤੀ ਲਈ ਖੁਦ 'ਤੇ ਭਰੋਸਾ ਰੱਖੋ



ਪ੍ਰਮੋਦ ਧੀਰ ਜੈਤੋ
98550-31081

ਅੱਜ ਕੱਲ ਦੇ ਨੌਜਵਾਨਾਂ 'ਚ ਹੁਨਰ ਦੀ ਕੋਈ ਕਮੀ ਨਹੀਂ ਹੈ ਪਰ ਕੁਝ ਕਮੀਆਂ ਹਨ, ਜੋ ਉਨ੍ਹਾਂ ਨੂੰ ਉਸ ਸਫਲਤਾ ਤੋਂ ਦੂਰ ਰੱਖਦੀਆਂ ਹਨ, ਜਿਸ ਦੇ ਉਹ ਹੱਕਦਾਰ ਹਨ। ਇਨ੍ਹਾਂ ਕਮੀਆਂ ਨੂੰ ਦੂਰ ਕਰ ਦਈਏ ਤਾਂ ਉਨ੍ਹਾਂ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ। ਹਾਲ ਹੀ ਦੇ ਕੁਝ ਸਾਲਾਂ 'ਚ ਭਾਰਤੀ ਵਿਦਿਆਰਥੀਆਂ 'ਚ ਕਾਫੀ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਪਹਿਲਾਂ ਜਿੱਥੇ ਉਹ ਆਪਣੇ ਉੱਪਰ ਕਾਫੀ ਪ੍ਰੈਸ਼ਰ ਮਹਿਸੂਸ ਕਰਦੇ ਸਨ, ਆਪਣੇ ਵਿਊਜ਼ ਦੇਣ ਤੋਂ ਸੰਕੋਚ ਕਰਦੇ ਸਨ, ਉੱਥੇ ਹੀ ਅੱਜ ਉਨ੍ਹਾਂ ਨੇ ਆਪਣੇ ਉੱਪਰੋਂ ਪ੍ਰੈਸ਼ਰ ਕਾਫੀ ਹੱਦ ਤੱਕ ਦੂਰ ਕਰ ਦਿੱਤਾ ਹੈ। ਉਹ ਬੇਖੌਫ ਹੋ ਕੇ ਆਪਣੇ ਵਿਊਜ਼ ਵੀ ਲੋਕਾਂ ਨੂੰ ਦਿੰਦੇ ਹਨ। ਜੋ ਚੀਜ਼ ਉਨ੍ਹਾਂ ਨੂੰ ਸਹੀ ਨਹੀਂ ਲੱਗਦੀ, ਉਸ ਬਾਰੇ ਉਹ ਆਪਣੇ ਵਿਚਾਰ ਰੱਖਣ'ਚ ਸੰਕੋਚ ਨਹੀਂ ਕਰਦੇ। ਉਹ ਲਗਾਤਾਰ ਬਦਲਾਅ ਚਾਹੁੰਦੇ ਹਨ ਤੇ ਇਸ ਲਈ ਜੇਕਰ ਲੋੜ ਪੈਂਦੀ ਹੈ ਤਾਂ ਵੱਡੇ ਫੈਸਲੇ 'ਚ ਵੀ ਝਿਜਕਦੇ ਨਹੀਂ। ਵਿਦਿਆਰਥੀਆਂ ਅੰਦਰ ਤੇਜ਼ੀ ਨਾਲ ਵਧ ਰਹੀ ਇਹ ਨਵੀਂ ਕੁਆਲਟੀ ਪੱਕਾ ਹੀ ਦੇਸ਼ ਨੂੰ ਸਾਰੇ ਸੈਕਟਰਾਂ 'ਚ ਅੱਗੇ ਲਿਜਾਣ ਦਾ ਕੰਮ ਕਰੇਗੀ।

**ਆਪਣੀ ਖੂਬੀ ਦੀ ਪਹਿਚਾਣ ਕਰੋ:**

ਹਰ ਵਿਦਿਆਰਥੀ 'ਚ ਕੋਈ ਨਾ ਕੋਈ ਅਜਿਹਾ ਸਕਿੱਲ ਜਰੂਰ ਹੁੰਦਾ ਹੈ, ਜੋ ਉਸ ਨੂੰ ਹੋਰਾਂ ਤੋਂ ਵੱਖ ਕਰ ਦਿੰਦਾ ਹੈ, ਉਸਦਾ ਖੁਦ 'ਤੇ ਯੂਨੀਕ ਬਣਾਉਂਦਾ ਹੈ ਪਰ ਪਤਾ ਨਹੀਂ ਕਿਉਂ ਬਹੁਤ ਸਾਰੇ ਵਿਦਿਆਰਥੀ ਆਪਣੇ ਅਜਿਹੇ ਗੁਣਾਂ 'ਤੇ ਧਿਆਨ ਕਿਉਂ ਨਹੀਂ ਦਿੰਦੇ? ਜੌਬ ਮਿਲ ਜਾਣ ਜਾਂ ਫਿਰ ਮਨਚਾਹੇ ਕੋਰਸ ਜਾਂ ਕਾਲਜ਼ 'ਚ ਦਾਖਲਾ ਮਿਲ ਜਾਣ 'ਤੇ ਉਹ ਇਸ ਨੂੰ ਭੁੱਲ ਹੀ ਜਾਂਦੇ ਹਨ। ਯਾਦ ਰੱਖੋ, ਆਪਣੇ ਸਕਿੱਲਸ ਨੂੰ ਹਮੇਸ਼ਾ ਮਜਬੂਤ ਕਰਦੇ ਰਹੋ। ਘੱਟੋ ਘੱਟ ਇਸ ਨੂੰ ਹੌਬੀ ਦੇ ਰੂਪ 'ਚ ਤਾਂ ਜਿੰਦਾ ਰੱਖੋ ਹੀ। ਕਦੇ ਨਾਂ ਕਦੇ ਇਹ ਜਰੂਰ ਕੰਮ ਆਉਂਦਾ ਹੈ।

**ਸੋਚ ਨੂੰ ਬਦਲਣ ਦੀ ਲੋੜ:**

ਅੱਜ ਸਾਰੇ ਖੇਤਰਾਂ 'ਚ ਭਾਰਤ ਦੀ ਤੁਲਨਾ ਚੀਨ ਨਾਲ ਹੋ ਰਹੀ ਹੈ। ਚੀਨ ਸਾਡੇ ਤੋਂ ਬਹੁਤ ਸਾਰੀਆਂ ਚੀਜਾਂ 'ਚ ਅੱਗੇ ਹੈ ਤੇ ਇਹ ਫਰਕ ਵਧ ਵੀ ਰਿਹਾ ਹੈ। ਇਸਦਾ ਬੱਸ ਇੱਕੋ ਕਾਰਨ ਹੈ, ਉੱਥੇ ਕ੍ਰਿਏਟੀਵਿਟੀ ਨੂੰ ਪ੍ਰਮੋਟ ਕੀਤਾ ਜਾਂਦਾ ਹੈ, ਜੋ ਜਿਸ ਸਬਜੈਕਟ ਜਾਂ ਫੀਲਡ 'ਚ ਬਿਹਤਰ ਕਰ ਰਿਹਾ ਹੈ, ਉਸ ਨੂੰ ਉਸੇ 'ਚ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਡੇ ਇੱਥੇ ਹਾਲੇ ਇਸ ਤਰ੍ਹਾਂ ਦੀ ਸੋਚ ਵਿਕਸਤ ਨਹੀਂ ਹੋਈ। ਅਸੀਂ ਓਵਰਆਲ ਪਰਫਾਰਮੈਂਸ ਦੀ ਗੱਲ ਕਰਦੇ ਹਾਂ ਪਰ ਇਹ ਭੁੱਲ ਜਾਂਦੇ ਹਾਂ 'ਕੰਪਲੀਟ' ਸ਼ਬਦ 'ਚ ਹਮੇਸ਼ਾ ਨਵਾਂ ਕਰਨ ਦੀ ਗੁੰਜਾਇਸ਼ ਬਣੀ ਰਹਿੰਦੀ ਹੈ । ਦੂਜਿਆਂ ਦੀਆਂ ਕਮੀਆਂ ਨਾਂ ਕੱਢੋ। ਪਹਿਲਾਂ ਖੁਦ ਨੂੰ ਦੇਖੋ। ਜ਼ਮੀਨੀ ਪੱਧਰ'ਤੇ ਜੋ ਕੰਮ ਨੂੰ ਅਕਾਰ ਦਿੰਦਾ ਹੈ, ਅਸਲ ਸਫਲਤਾ ਉਸ ਨੂੰ ਹੀ ਹਾਸਲ ਹੁੰਦੀ ਹੈ।

**ਗਲਤੀਆਂ ਤੋਂ ਹਮੇਸ਼ਾ ਸਿੱਖਦੇ ਰਹੋ:**

ਗਲਤੀਆਂ ਕਿਸ ਤੋਂ ਨਹੀਂ ਹੁੰਦੀਆਂ ਪਰ ਇਨ੍ਹਾਂ ਤੋਂ ਡਰ ਕੇ ਕੰਮ ਬੰਦ ਕਰਨਾ ਸਭ ਤੋਂ ਵੱਡੀ ਗਲਤੀ ਹੈ। ਗਲਤੀਆਂ ਤੋਂ ਹੀ ਅਸੀਂ ਸਿੱਖਦੇ ਹਾਂ। ਨਵੇਂ ਪ੍ਰਯੋਗ ਕਰਨ ਤੋਂ ਕਦੇ ਨਾਂ ਡਰੋ। ਇੱਥੇ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗਲਤੀਆਂ 'ਤੇ ਬੱਚਿਆਂ ਨੂੰ ਡੀਮੋਰਲਾਈਜ਼ ਨਾਂ ਕਰਨ। ਉਨ੍ਹਾਂ ਦੀ ਮਦਦ ਕਰਨ।

ਫਿਰ ਦੇਖਿਓ ਉਹ ਕਿੰਨੀ ਤੇਜ਼ੀ ਨਾਲ ਅੱਗੇ ਵੱਧਦੇ ਹਨ। ਕਿਸੇ ਦੇ ਨੈਗੇਟਿਵ ਪੁਆਇੰਟਸ ਨੂੰ ਗਿਣਾਉਣ ਦੀ ਬਜਾਏ ਪੋਜ਼ਟਿਵ ਪੁਆਇੰਟਸ ਹੀ ਗਿਣਾਓ। ਸਗੋਂ ਖੁਦ ਆਪਣੇ ਨੈਗੇਟਿਵ ਪੁਆਇੰਟਸ ਤੇ ਝਾਤ ਮਾਰੋ ਇੱਕ ਨਹੀਂ ਕਈ ਮਿਲ ਜਾਣਗੇ।

**ਟੈਲੇਂਟ ਦੀ ਭਾਲ ਕਰੋ:**

ਅੱਜ ਜੋ ਟੈਲੇਂਟਿਡ ਵਿਦਿਆਰਥੀ ਸਾਡੇ ਸਾਹਮਣੇ ਹਨ, ਉਨ੍ਹਾਂ ਤੋਂ ਕਿਤੇ ਜ਼ਿਆਦਾ ਗੁੰਮਨਾਮੀਆਂ 'ਚ ਗੁਮ ਹੋ ਗਏ ਹਨ। ਬਹੁਤ ਸਾਰੇ ਲੋਕ ਟੈਲੇਂਟ ਦਾ ਪੈਮਾਨਾ ਨੰਬਰ ਮੰਨਦੇ ਹਨ ਪਰ ਐਵਰੇਜ਼ ਸਟੂਡੈਂਟ ਜਾਂ ਫਿਰ ਉਸ ਤੋਂ ਵੀ ਹੇਠਾਂ ਦੇ ਵਿਦਿਆਰਥੀ 'ਚ ਵੀ ਗਜ਼ਬ ਦਾ ਟੈਲੇਂਟ ਹੁੰਦਾ ਹੈ। ਉਨ੍ਹਾਂ ਕੋਲ ਵੱਖ ਵੱਖ ਤਰਾਂ ਦਾ ਨਜ਼ਰੀਆ ਹੁੰਦਾ ਹੈ, ਜੋ ਸਾਨੂੰ ਹੈਰਾਨੀ 'ਚ ਪਾ ਦਿੰਦਾ ਹੈ ਪਰ ਅਸੀਂ ਇਹਨਾਂ ਨੂੰ ਠੀਕ ਤਰਾਂ ਨਾਲ ਸਮਾਜ ਦੇ ਸਾਹਮਣੇ ਨਹੀਂ ਲਿਆ ਰਹੇ ਹਾਂ। ਸਾਡੇ ਵਿਚਕਾਰ ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜੋ ਟੈਲੇਂਟ ਨੂੰ ਖਤਮ ਕਰਨ ਦਾ ਕੰਮ ਕਰਦੇ ਹਨ। ਇਨ੍ਹਾਂ ਤੋਂ ਬਚਦੇ ਹੋਏ ਵਿਦਿਆਰਥੀਆਂ ਨੂੰ ਅੱਗੇ ਵਧਣਾ ਚਾਹੀਦਾ ਹੈ। ਜੇ ਵਿਦਿਆਰਥੀ ਇਨ੍ਹਾਂ ਕਮੀਆਂ ਨੂੰ ਦੂਰ ਕਰ ਲੈਣ, ਤਾਂ ਉਨ੍ਹਾਂ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ।

ਸਾਨੂੰ ਸਭ ਨੂੰ ਆਪਣੇ ਆਪ ਤੇ ਭਰੋਸਾ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਕੋਈ ਵੀ ਜੋਖਮ ਜਾਂ ਕੰਮ ਵਧੀਆ ਤਰੀਕੇ ਨਾਲ ਕਰਕੇ ਜਿੰਦਗੀ ਵਿੱਚ ਸਫਲਤਾ ਪ੍ਰਾਪਤ ਕਰ ਸਕਦੇ ਹਾਂ। ਜਿੰਨ੍ਹਾਂ ਨੇ ਖੁਦ ਤੇ ਭਰੋਸਾ ਕੀਤਾ ਹੈ ਅੱਜ ਉਹ ਉੱਚੇ ਮੁਕਾਮ ਤੇ ਪਹੁੰਚ ਚੁੱਕੇ ਹਨ ਸੋ ਮੈਂ ਅੰਤ ਵਿੱਚ ਇਹੀ ਕਹਿਣਾ ਚਾਹੁੰਦਾ ਹਾਂ ਕਿ ਅਗਰ ਜਿੰਦਗੀ 'ਚ ਤਰੱਕੀ ਕਰਨੀ ਹੈ ਤਾਂ ਸਾਨੂੰ ਖੁਦ ਤੇ ਭਰੋਸਾ ਰੱਖ ਕੇ ਮਿਹਨਤ ਕਰਦੇ ਹੋਏ ਅੱਗੇ ਵਧਣਾ ਚਾਹੀਦਾ ਹੈ।

# ਦੂਰਗਾਮੀ ਸੁਨੇਹੇ ਦੇਣ ਵਾਲੀ ਮੋਦੀ ਤੇ ਟਰੰਪ ਦੀ ਗਲਵੱਕੜੀ

(ਸਫਾ 1 ਦੀ ਬਾਕੀ)

"ਮੈਨੂੰ ਭਰੋਸਾ ਹੈ ਕਿ ਤੁਹਾਡੀ ਲੀਡਰਸ਼ਿਪ ਦੌਰਾਨ ਸਾਡੀ ਰਣਨੀਤਕ ਭਾਈਵਾਲੀ ਹੋਰ ਮਜ਼ਬੂਤ ਹੋਵੇਗੀ।" ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਦੇ ਰਿਸ਼ਤਿਆਂ ਦੀ ਮਜ਼ਬੂਤੀ ਲਈ ਉਹ ਸ੍ਰੀ ਟਰੰਪ ਦੀ 'ਮਹਾਨ ਲੀਡਰਸ਼ਿਪ' ਦਾ ਧੰਨਵਾਦ ਕਰਦੇ ਹਨ।

**ਸਲਾਮਤੀ ਕੌਂਸਲ ਦੀ ਸੀਟ ਲਈ ਭਾਰਤ ਦੀ ਹਮਾਇਤ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਦੇ ਸੁਧਾਰ ਮੌਕੇ ਸਲਾਮਤੀ ਕੌਂਸਲ ਵਿੱਚ ਪੱਕੀ ਸੀਟ ਸਮੇਤ ਐਨਐਸਜੀ ਵਰਗੇ ਹੋਰ ਕੌਮਾਂਤਰੀ ਅਦਾਰਿਆਂ ਦੀ ਮੈਂਬਰੀ ਲਈ ਭਾਰਤੀ ਮੁਹਿੰਮ ਦੀ ਹਮਾਇਤ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਮਾਇਤ ਲਈ ਸ੍ਰੀ ਟਰੰਪ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਚੀਨ ਤੇ ਪਾਕਿਸਤਾਨ ਦੇ ਆਰਥਿਕ ਕੌਰੀਡੋਰ ਅਤੇ ਚੀਨ ਦੀ ਬੈਲਟ ਤੇ ਰੋਡ ਪਹਿਲਕਦਮੀ (ਬੀਆਰਆਈ) ਦੇ ਮੁੱਦੇ ਉਤੇ ਵੀ ਸ੍ਰੀ ਟਰੰਪ ਨੇ ਭਾਰਤ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਅਜਿਹੇ ਖੇਤਰੀ ਆਰਥਿਕ ਸੰਪਰਕ ਭਾਵੇਂ ਜ਼ਰੂਰੀ ਹਨ ਪਰ ਇਸ ਮੌਕੇ ਪ੍ਰਭੂਸੱਤਾ ਅਤੇ ਇਲਾਕਾਈ ਅਖੰਡਤਾ ਦਾ ਧਿਆਨ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ।

**ਚਾਂਦੀ ਦਾ ਬ੍ਰੈਸਲੈਟ ਅਤੇ ਸ਼ਾਲ ਦੇ ਤੋਹਫ਼ੇ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਪ੍ਰਥਮ ਮਹਿਲਾ ਮੇਲਾਨੀਆ ਨੂੰ ਰਵਾਇਤੀ ਚਾਂਦੀ ਦਾ ਬ੍ਰੈਸਲੈਟ ਅਤੇ ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਹੱਥ ਨਾਲ ਬੁਣੇ ਹੋਏ ਸ਼ਾਲ ਦੇ ਤੋਹਫ਼ੇ ਭੇਟ ਕੀਤੇ। ਸੋਮਵਾਰ ਨੂੰ ਵ੍ਹਾਈਟ ਹਾਊਸ 'ਚ ਪਰਿਵਾਰ ਨਾਲ ਮਿਲਣੀ ਦੌਰਾਨ ਸ੍ਰੀ ਮੋਦੀ ਨੇ ਟਰੰਪ ਨੂੰ ਸਾਬਕਾ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਬਰਸੀ ਮੌਕੇ ਭਾਰਤ ਵੱਲੋਂ 52 ਸਾਲ ਪਹਿਲਾਂ ਜਾਰੀ ਕੀਤੀ ਗਈ ਡਾਕ ਟਿਕਟ ਦੀ ਅਸਲ ਜਿਲਦ ਵੀ ਭੇਟ ਕੀਤੀ।

ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਟਵੀਟ 'ਚ ਕਿਹਾ ਗਿਆ ਕਿ ਇਹ ਡਾਕ ਟਿਕਟ ਲਿੰਕਨ ਦੀ ਯਾਦ ਨੂੰ ਤਾਜ਼ਾ ਕਰਨ ਦੇ ਨਾਲ ਉਨ੍ਹਾਂ ਦੇ ਵਿਚਾਰ ਮਹਾਤਮਾ ਗਾਂਧੀ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ।

ਅਮਰੀਕੀ ਰਾਸ਼ਟਰਪਤੀ ਨੂੰ ਹੁਸ਼ਿਆਰਪੁਰ ਦੀ ਵਿਸ਼ੇਸ਼ ਤੌਰ 'ਤੇ ਮੀਨਾਕਾਰੀ ਨਾਲ ਬਣੀ ਲੱਕੜ ਦੀ ਸੰਦੂਕੜੀ ਵੀ ਭੇਟ ਕੀਤੀ ਗਈ। ਇਸ ਦੇ ਨਾਲ ਨਾਲ ਕਾਂਗੜਾ ਦੀ ਚਾਹ ਅਤੇ ਸ਼ਹਿਦ ਵੀ ਤੋਹਫ਼ੇ ਵਜੋਂ ਦਿੱਤੇ ਗਏ।

ਬਾਅਦ 'ਚ ਟਰੰਪ ਨੇ ਸ੍ਰੀ ਮੋਦੀ ਨੂੰ ਵ੍ਹਾਈਟ ਹਾਊਸ 'ਚ ਰਾਸ਼ਟਰਪਤੀ ਦੀ ਰਿਹਾਇਸ਼ ਦਾ ਦੌਰਾ ਵੀ ਕਰਵਾਇਆ ਜਿਥੇ ਉਨ੍ਹਾਂ ਨੂੰ ਲਿੰਕਨ ਦਾ ਬੈੱਡਰੂਮ, ਗੈਟੀਸਬਰਗ 'ਚ ਦਿੱਤੇ ਮਸ਼ਹੂਰ ਭਾਸ਼ਨ ਦੀ ਕਾਪੀ ਅਤੇ ਮੇਜ਼, ਜਿਥੇ ਉਹ ਲਿਖਿਆ ਕਰਦੇ ਸਨ, ਵੀ ਦਿਖਾਏ ਗਏ। ਟਰੰਪ ਨੇ ਕਿਹਾ ਕਿ ਸ੍ਰੀ ਮੋਦੀ ਦੀ ਮੇਜ਼ਬਾਨੀ ਕਰ ਕੇ ਉਨ੍ਹਾਂ ਨੂੰ ਵੱਡਾ ਮਾਣ ਮਿਲਿਆ ਹੈ ਜੋ ਮਹਾਨ ਪ੍ਰਧਾਨ ਮੰਤਰੀ ਹਨ।

# ਨਹੀਂ ਛੋਹਿਆ ਐਚ-1ਬੀ ਦਾ ਮਸਲਾ

(ਸਫਾ 1 ਦੀ ਬਾਕੀ)

ਸ਼੍ਰੇਣੀ ਦਾ ਸਭ ਤੋਂ ਵੱਧ ਲਾਹਾ ਭਾਰਤੀ ਆਈਟੀ ਪੇਸ਼ੇਵਰਾਂ ਵੱਲੋਂ ਹੀ ਲਿਆ ਜਾਂਦਾ ਹੈ। ਐਚ-1ਬੀ ਮੋਦੀ-ਟਰੰਪ ਗੱਲਬਾਤ ਦਾ ਹਿੱਸਾ ਸੀ ਜਾਂ ਨਹੀਂ ਬਾਰੇ ਪੁੱਛੇ ਜਾਣ 'ਤੇ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਦੋਵਾਂ ਆਗੂਆਂ ਨੇ ਕਾਰੋਬਾਰੀ ਆਗੂਆਂ ਨਾਲ ਗੱਲਬਾਤ ਦੌਰਾਨ ਡਿਜੀਟਲ ਭਾਈਵਾਲੀ 'ਤੇ ਗੱਲਬਾਤ ਕੀਤੀ। ਜੈਸ਼ੰਕਰ ਨੇ ਕਿਹਾ,'ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਭਾਰਤੀ-ਅਮਰੀਕੀ ਭਾਈਚਾਰੇ ਨੇ ਦੋਵਾਂ ਮੁਲਕਾਂ ਵਿਚਲੇ ਰਿਸ਼ਤੇ ਨੂੰ ਉਸਾਰਨ ਵਿੱਚ ਅਸਾਧਾਰਨ ਭੂਮਿਕਾ ਨਿਭਾਈ ਹੈ। ਜਦੋਂ ਤੁਸੀਂ ਕਿਸੇ ਚੀਜ਼ ਦੀ ਕਦਰ ਕਰਦੇ ਹੋ ਤਾਂ ਸੁਭਾਵਿਕ ਹੈ ਕਿ ਤੁਸੀਂ ਵੀ ਉਸ ਦਾ ਧਿਆਨ ਰੱਖਣ ਲਗਦੇ ਹੋ।' ਮੋਦੀ-ਟਰੰਪ ਮੁਲਾਕਾਤ ਮਗਰੋਂ ਦੋਵਾਂ ਆਗੂਆਂ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਵੀ ਐਚ-1ਬੀ ਵੀਜ਼ੇ ਦਾ ਕੋਈ ਜ਼ਿਕਰ ਨਹੀਂ ਸੀ। ਵਾਈਟ ਹਾਊਸ ਨੇ ਹਾਲਾਂਕਿ ਤੱਥ ਅਧਾਰਤ ਸ਼ੀਟ ਜਾਰੀ ਕਰਦਿਆਂ ਕਿਹਾ ਹੈ ਕਿ ਸਿਲੀਕਾਨ ਵੈਲੀ 'ਚ ਆਏ ਤਕਨੀਕੀ ਇਨ-ਕਲਾਬ ਵਿੱਚ ਭਾਰਤੀ-ਅਮਰੀਕੀਆਂ ਦਾ ਨਵੀਆਂ ਕਾਢਾਂ ਤੇ ਉਦਯੋਗਾਂ 'ਚ ਅਹਿਮ ਯੋਗਦਾਨ ਰਿਹਾ ਹੈ ਤੇ ਵੈਲੀ ਵਿੱਚ ਸ਼ੁਰੂ ਹੋਏ ਨਵੇਂ ਪ੍ਰਾਜੈਕਟਾਂ 'ਚੋਂ 15 ਫੀਸਦ ਦੀ ਨੀਂਹ ਉਨ੍ਹਾਂ ਨੇ ਰੱਖੀ ਹੈ। ਅਮਰੀਕਾ ਵਿੱਚ 40 ਲੱਖ ਦੇ ਕਰੀਬ ਭਾਰਤੀ-ਅਮਰੀਕੀ ਰਹਿੰਦੇ ਹਨ ਜਦਕਿ ਸੱਤ ਲੱਖ ਅਮਰੀਕੀ ਨਾਗਰਿਕ ਭਾਰਤ ਵਿੱਚ ਹਨ।

# ਜਾਤ 'ਤੇ ਨਹੀ, ਵਿਚਾਰਧਾਰਾ ਦੇ ਆਧਾਰ 'ਤੇ ਚੋਣ ਲੜਾਂਗੇ

(ਸਫਾ 1 ਦੀ ਬਾਕੀ)

'ਇਹ ਏਕਤਾ ਉਨ੍ਹਾਂ ਦੇ ਮਜ਼ਬੂਤ ਵਿਚਾਰਧਾਰਕ ਪੈਂਤੜਿਆਂ, ਜਮਹੂਰੀ ਕਦਰਾਂ ਕੀਮਤਾਂ, ਸਮਾਜਿਕ ਨਿਆਂ, ਪ੍ਰੈੱਸ ਦੀ ਆਜ਼ਾਦੀ, ਪਾਰ-ਦਰਸ਼ਤਾ, ਗ਼ਰੀਬੀ ਦੇ ਖ਼ਾਤਮੇ ਤੇ ਜਾਤ ਆਧਾਰਤ ਢਾਂਚੇ ਦੇ ਖ਼ਾਤਮੇ ਉਤੇ ਆਧਾਰਤ ਹੈ। ਇਹ ਵਿਚਾਰਧਾਰਾ ਮੇਰੇ ਦਿਲ ਦੇ ਬੇਹੱਦ ਕਰੀਬ ਹੈ। ਇਹ ਮੇਰਾ ਚੋਣ ਮੁੱਦਾ ਹੋਵੇਗਾ।'

ਦਲਿਤ ਆਗੂ ਜਗਜੀਵਨ ਰਾਮ ਦੀ ਧੀ ਤੇ ਸਾਬਕਾ ਰਾਜਦੂਤ ਮੀਰਾ ਕੁਮਾਰ ਨੇ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਦੇਸ਼ ਦੇ ਮੁਖੀ ਦੀ ਚੋਣ ਜਾਤ ਦੇ ਆਧਾਰ ਉਤੇ ਲੜੀ ਜਾਵੇ। ਕੋਈ ਵੀ ਦੇਸ਼ ਵਾਸੀ ਅਜਿਹਾ ਨਹੀਂ ਚਾਹੇਗਾ। ਅਸੀਂ ਇਹ ਚੋਣ ਵਿਚਾਰਧਾਰਾ ਦੇ ਆਧਾਰ 'ਤੇ ਲੜ ਰਹੇ ਹਾਂ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੀ ਚੋਣ ਸਮੇਂ ਕਦੇ ਇਕ ਵਾਰ ਵੀ ਜਾਤ ਬਾਰੇ ਚਰਚਾ ਨਹੀਂ ਹੋਈ।

# ਨਰਿੰਦਰ ਮੋਦੀ ਦੀ ਵਾਈਟ ਹਾਊਸ ਅਮਰੀਕਾ ਦੇ ਬਾਹਰ ਕੀਤੀ ਸਿੱਖਾਂ ਨੇ ਵਿਰੋਧਤਾ

**ਵਾਸ਼ਿੰਗਟਨ ਡੀ. ਸੀ. (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਵਾਸ਼ਿੰਗਟਨ ਡੀ. ਸੀ. ਵਿਚ ਵਾਈਟ ਹਾਊਸ ਦੇ ਬਾਹਰ ਸੈਂਕੜੇ ਸਿੱਖਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਿਲਣੀ ਦੀ ਦੋ ਦਿਨ ਲਗਾਤਾਰ ਵਿਰੋਧਤਾ ਕਰਕੇ ਇਕ ਵਾਰੀ ਦੁਨੀਆਂ ਭਰ ਵਿਚ ਇਹ ਸੰਦੇਸ਼ ਦੇਣ ਵਿਚ ਕਾਮਯਾਬੀ ਹਾਸਲ ਕੀਤੀ ਹੈ ਕਿ ਭਾਰਤ ਵਿਚ ਵੱਗ ਰਹੀ ਫਿਰਕਾਪ੍ਰਸਤੀ ਦੀ ਹਨੇਰੀ ਦੀ ਅਗਵਾਈ ਕਰਨ ਵਿਚ ਨਰਿੰਦਰ ਮੋਦੀ ਦਾ ਮੁਕੰਮਲ ਰੂਪ ਵਿਚ ਹੱਥ ਹੈ, ਜਿਸ ਕਰਕੇ ਘੱਟ ਗਿਣਤੀਆਂ ਦੇ ਭਾਰਤ ਵਿਚ ਕਤਲ ਹੋ ਰਹੇ ਹਨ।

ਸਿੱਖਾਂ ਦੇ ਮਸਲਿਆਂ ਪ੍ਰਤੀ ਦੁਨੀਆਂ ਭਰ ਵਿਚ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਜਥੇਬੰਦੀ ਸਿੱਖਸ ਫਾਰ ਜਸਟਿਸ ਦੀ ਅਗਵਾਈ ਵਿਚ ਮਰੀਕਾ, ਇਟਲੀ, ਕੈਨੇਡਾ ਦੇ ਸਿੱਖਾਂ ਨੇ ਇੱਥੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਅਤੇ 'ਆਜ਼ਾਦ ਪੰਜਾਬ' ਨਾਮ ਤੇ ਕੀਤੀ ਗਈ ਰੈਲੀ ਵਿਚ ਸਿੱਖ ਮਸਲਿਆਂ ਦੇ ਅੰਤਰ ਰਾਸ਼ਟਰੀ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਵਿਸ਼ੇਸ਼ ਤੌਰ ਤੇ ਸੰਬੋਧਨ ਕੀਤਾ ਅਤੇ ਕਿਹਾ ਕਿ ਅਮਰੀਕਾ ਜਿਹੇ ਵਿਕਸਤ ਦੇਸ਼ ਦੇ ਰਾਸ਼ਟਰਪਤੀ ਵੱਲੋਂ ਨਰਿੰਦਰ ਮੋਦੀ ਨੂੰ ਦਾਅਵਤ ਦੇਣੀ ਠੀਕ ਨਹੀਂ ਹੈ, ਅਸਲ ਵਿਚ ਨਰਿੰਦਰ ਮੋਦੀ ਭਾਰਤ ਵਿਚ ਘੱਟ ਗਿਣ-ਤੀਆਂ ਇਸਾਈਆਂ, ਮੁਸਲਮਾਨ ਅਤੇ ਸਿੱਖਾਂ ਦੇ ਕਤਲ ਕਰਵਾਉਣ ਵਿਚ ਮੋਹਰੀ ਰੋਲ ਨਿਭਾਉਣ ਵਾਲੇ ਹਨ। ਸ੍ਰੀ ਟਰੰਪ ਦੀ ਆਲੋਚਨਾ ਕਰਦਿਆਂ ਉਹਨਾਂ ਕਿਹਾ ਕਿ ਟਰੰਪ ਨੇ 'ਮੇਕ ਇਨ ਅਮਰੀਕਾ' ਦਾ ਮੰਚ ਲੈ ਕੇ ਆਪਣਾ ਚੋਣ ਪ੍ਰਚਾਰ ਕੀਤਾ ਸੀ, ਪਰ ਭਾਰਤ ਸਰਕਾਰ ਨਾਲ ਦੁਪੱਖਾ ਸਮਝੌਤਾ ਹੁੰਦਿਆਂ ਉਹ ਅਮਰੀਕੀ ਵਪਾਰ ਦੇ ਬਦਲੇ ਮੋਦੀ ਦੇ 'ਮੇਕ ਇਨ ਇੰਡੀਆ' ਦਾ ਸਮਰਥਨ ਕਰ ਰਹੇ ਹਨ।



ਇਸ ਸਮੇ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮੰਡ ਹਿੱਲ, ਸਿੰਘ ਸਭਾ ਫੇਅਰ ਫੈਕਸ ਵਰਜੀਨੀਆ, ਦੋਆਬਾ ਸਿੱਖ ਐਸੋਸੀਏਸ਼ਨ, ਸਿੱਖ ਯੂਥ ਆਫ ਅਮਰੀਕਾ, ਗੁਰਦੁਆਰਾ ਸਾਹਿਬ ਸਿੱਖ ਸੈਂਟਰ ਆਫ ਨਿਊਯਾਰਕ ਇੰਕ, ਖਾਲਸਾ ਅਫੇਅਰ ਸੈਂਟਰ ਤੋਂ ਅਮਰਜੀਤ ਸਿੰਘ, ਸਿੱਖ ਕੋਆਰਡੀਨੇਸ਼ਨ ਕਮੇਟੀ ਨਾਰਥ ਈਸਟ ਕੋਸਟ ਯੂ. ਐਸ. ਏ. ਆਦਿ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਭਾਗ ਲਿਆ। ਇਸ ਵੇਲੇ ਅਵਤਾਰ ਸਿੰਘ ਪੰਨੂ, ਹਿੰਮਤ ਸਿੰਘ, ਕੁਲਦੀਪ ਸਿੰਘ ਢਿੱਲੋਂ, ਸੁਰਜੀਤ ਸਿੰਘ ਕੁਲਾਰ, ਹਰਦੇਵ ਸਿੰਘ ਪੱਡਾ, ਬਲਾਕਾ ਸਿੰਘ, ਹਰਮੇਲ ਸਿੰਘ ਦੁਸਾਂਝ, ਬਖਸ਼ੀਸ਼ ਸਿੰਘ, ਡਾ. ਕੇਵਲ ਸਿੰਘ, ਸਤਨਾਮ ਸਿੰਘ ਵਿਰਕ, ਧਰਮ ਸਿੰਘ ਆਦਿ ਹੋਰ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ।

## ਗੀਤਕਾਰ ਜਸਬੀਰ ਗੁਣਾਚੌਰੀਆ ਦਾ ਸੈਕਰਾਮੈਂਟੋ 'ਚ ਹੋਇਆ ਸਨਮਾਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਪੰਜਾਬੀ ਦੇ ਵੱਖ-ਵੱਖ ਚਰਚਿਤ ਗੀਤਾਂ ਦੇ ਰਹੇਤਾ ਗੀਤਕਾਰ ਜਸਬੀਰ ਗੁਣਾਚੌਰੀਆ ਦਾ ਵਿਸ਼ੇਸ਼ ਸਨਮਾਨ ਸਮਾਗਮ ਸੈਕਰਾਮੈਂਟੋ ਦੇ ਮਿਰਾਜ਼ ਬੈਂਕੁਇਟ ਹਾਲ ਵਿਚ ਰੱਖਿਆ ਗਿਆ, ਜਿਸਦਾ ਆਯੋਜਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਵਿਸ਼ੇਸ਼ ਤੌਰ 'ਤੇ ਕੀਤਾ ਗਿਆ। ਇਸ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਹਾਕੀ ਉਲੰਪੀਅਨ ਸ. ਸੁਰਿੰਦਰ ਸਿੰਘ ਸੋਢੀ ਪਹੁੰਚੇ।ਇਸ ਸਮਾਗਮ ਵਿਚ ਗੀਤ ਸੰਗੀਤ ਵੀ ਚੱਲਿਆ। ਇਸ ਦੌਰਾਨ ਪੰਜਾਬੀ ਗਾਇਕਾ ਸਤਿੰਦਰ ਸੱਤੀ ਤੇ ਰੈਣੂੰ ਨੇ ਕੁਝ ਗੀਤ ਸਰੋਤਿਆਂ ਨੂੰ ਸੁਣਾਏ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਸਬੀਰ ਗੁਣਾਚੌਰੀਆ ਪ੍ਰਤੀ ਆਪਣੇ ਵਿਚਾਰ ਰੱਖੇ, ਜਿਹਨਾਂ ਵਿਚ ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਗੁਰਜਤਿੰਦਰ ਸਿੰਘ ਰੰਧਾਵਾ, ਪ੍ਰਗਟ ਸਿੰਘ ਸੰਧੂ ਆਦਿ ਸ਼ਾਮਲ ਸਨ। ਇਸ ਮੌਕੇ ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਬੰਧਕਾਂ ਵੱਲੋਂ ਇਸ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਆਉਣ ਵਾਲੇ ਖੇਡ ਸਮਾਗਮਾਂ ਲਈ ਭਾਇ-ਚਾਰੇ ਦਾ ਸਹਿਯੋਗ ਮੰਗਿਆ। ਇਸ ਮੌਕੇ ਜਸਬੀਰ ਗੁਣਾਚੌਰੀਆ ਦੀ ਕਿਤਾਬ 'ਹੱਸਦੇ ਸ਼ਹੀਦੀਆਂ ਪਾ ਗਏ' ਵੀ ਰਿਲੀਜ਼ ਕੀਤੀ ਗਈ। ਸੁਖਵਿੰਦਰ ਸੰਘੇੜਾ ਨੇ ਸਟੇਜ ਦੀ ਜ਼ਿੰਮੇਵਾਰੀ ਨਿਭਾਈ।



## ਪਟਿਆਲਾ ਦੇ ਪ੍ਰਾਈਵੇਟ ਕਾਲਜ ਵਿਰੁੱਧ ਵਿਜੀਲੈਂਸ ਜਾਂਚ ਦੇ ਹੁਕਮ

**ਚੰਡੀਗੜ੍ਹ (ਬਿਊਰੋ)–** ਪਟਿਆਲਾ ਦੇ ਪ੍ਰਾਈਵੇਟ ਕਾਲਜ ਵਲੋਂ ਵਜੀਫਿਆ ਸਬੰਧੀ ਪ੍ਰਾਪਤ ਹੋਏ ਫੰਡਾਂ ਵਿੱਚ ਘਪਲੇਬਾਜੀ ਦੀ ਜਾਂਚ ਕਰਨ ਉਪਰੰਤ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸਨ ਨੇ ਵਿਜੀਲੈਂਸ ਜਾਂਚ ਦੇ ਹੁਕਮ ਦਿੱਤੇ ਹਨ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸਨ ਦੇ ਚੇਅਰਮੈਨ ਸ੍ਰੀ ਰਾਜੇਸ ਬਾਘਾ ਨੇ ਦੱਸਿਆ ਕਿ ਜਿਲ੍ਹਾ ਪਟਿਆਲਾ ਦੇ ਇਕ ਕਾਲਜ ਦੇ ਅਨੁਸੂਚਿਤ ਜਾਤੀ ਬੀ.ਐਡ ਤੇ ਈ.ਟੀ.ਟੀ. ਦੇ ਵਿਦਿਆਰਥੀਆਂ ਤੋਂ ਕਮਿਸਨ ਨੂੰ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਕਾਲਜ ਵਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਗੈਰ ਕਾਨੂੰਨੀ ਤੋਰ ਤੇ ਫੀਸਾਂ ਲਈਆ ਹਨ ਅਤੇ ਦਾਖਲਾ ਫਰੀ ਕਰਨ ਸਬੰਧੀ ਗਲਤ ਢੰਗ ਨਾਲ ਪ੍ਰਚਾਰ ਕਰਕੇ ਵਿਦਿਆਰਥੀਆਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਸਰਕਾਰ/ਭਾਰਤ ਸਰਕਾਰ ਵੱਲੋਂ ਵਜੀਫਿਆ ਸਬੰਧੀ ਪ੍ਰਾਪਤ ਹੋਏ ਫੰਡਾਂ ਵਿੱਚ ਵੀ ਕਾਲਜ ਵੱਲੋਂ ਘਪਲੇਬਾਜੀ ਕੀਤੀ ਗਈ। ਉਨਾਂ ਦੱਸਿਆ ਕਿ ਇਸ ਦੀ ਪੜਤਾਲ ਜਿਲ੍ਹਾ ਭਲਾਈ ਅਫਸਰ ਪਟਿਆਲਾ ਵੱਲੋਂ ਨਿਜੀ ਪੱਧਰ ਤੇ ਕਾਲਜ ਵਿੱਚ ਜਾ ਕੇ ਕੀਤੀ ਗਈ ਸੀ ਜਿਸ ਵਿੱਚ ਪਾਇਆ ਗਿਆ ਕਿ ਵਿਦਿਆਰਥੀਆਂ ਤੋਂ ਸਾਲਾਨਾ ਫੀਸ ਲਈ ਗਈ ਅਤੇ ਕੋਈ ਵੀ ਰਸੀਦ ਨਹੀਂ ਦਿੱਤੀ ਗਈ।

## ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਥੀਆਂ ਦਾ ਸਾਲਾਨਾ ਕਲਚਰਲ ਡਿਨਰ ਪ੍ਰੋਗਰਾਮ

**ਸੈਨਹੋਜੇ (ਹੁਸਨ ਲੜੋਆ ਬੰਗਾ)–** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਥੀਆਂ ਦੀ ਜਥੇਬੰਦੀ (ਜੇਨਕੋ) ਦਾ ਸਾਲਾਨਾ ਡਿਨਰ ਕਲਚਰਲ ਪ੍ਰੋਗਰਾਮ ਲੰਘੇ ਸ਼ੁੱਕਰਵਾਰ ਮਿਯੂਰੀ ਰੈਸਟੋਰੈਂਟ ਵਿਚ ਹੋਇਆ। ਇਸ ਇਕੱਠ ਵਿਚ ਪਰਿਵਾਰਾਂ ਸਮੇਤ ਸਾਬਕਾ ਵਿਦਿਆਰਥੀ ਅਤੇ ਸਹਿਯੋਗੀ ਪਹੁੰਚੇ ਹੋਏ ਸਨ। ਜਥੇਬੰਦੀ ਆਗੂ ਗੁਰਜੰਟ ਸਿੰਘ ਸੰਘਾ ਨੇ ਸਟੇਜ ਦਾ ਸੰਚਾਲਨ ਕਰਦਿਆਂ ਜਥੇਬੰਦੀ ਦੀ ਸਾਲਾਨਾ ਕਾਰਗੁਜ਼ਾਰੀ ਦੀ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਜਥੇਬੰਦੀ ਵੱਲੋਂ ਇੰਡੀਆ ਤੋਂ ਆਏ ਨਵੇਂ ਵਿਦਿਆਥੀਆਂ ਦੀ ਪੜ੍ਹਾਈ ਅਤੇ ਨੌਕਰੀ ਲਗਵਾਉਣ ਤੱਕ ਜਾਣਕਾਰੀ ਅਤੇ ਹੋਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੈਨਹੋਜੇ ਗੁਰਦੁ-ਆਰਾ ਸਾਹਿਬ ਦੀ ਕਮੇਟੀ ਵਿਚ ਭਾਈਵਾਲ ਜਥੇਬੰਦੀ ਵੱਲੋਂ ਹਰ ਸਾਲ ਸਮਾਜਿਕ ਭਾਇ-ਚਾਰਕ ਸਾਂਝ ਬਰਕਰਾਰ ਰੱਖਣ ਲਈ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਡਿਨਰ ਵਿਚ ਮੁੱਖ ਸਪਾਂਸਰ ਅਤੇ ਉਘੇ ਸਮਾਜਿਕ ਸੇਵਕ ਇੰਦਰਜੀਤ ਸਿੰਘ ਥਿੰਦ ਤੋਂ ਇਲਾਵਾ ਹਰਪ੍ਰਕਾਸ਼ ਸਿੰਘ ਢਿੱਲੋਂ, ਟੋਨੀ ਗਰੇਵਾਲ, ਰਾਜਿੰਦਰ ਸਿੰਘ ਟਾਂਡਾ, ਡਾ. ਚਰਨ-ਜੀਤ ਸਿੰਘ ਪੰਨੂ, ਰੂਪੀ ਅਟਵਾਲ, ਮੇਹਰ ਮਾਹਲ, ਹਰਜੀਤ ਸਿੰਘ, ਅਸ਼ੀਸ਼ ਮਲਕ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਪ੍ਰਸਿੱਧ ਕਲਾਕਾਰ ਸਖਦੇਵ ਸਾਹਿਲ ਅਤੇ ਲਾਲ ਸਿੰਘ ਭੱਟੀ ਨੇ ਗੀਤ ਸੰਗੀਤ ਨਾਲ ਸਰੋਤਿਆਂ ਦਾ ਮਨੋਰੰਜਨ ਕਰਵਾਇਆ। ਯਾਦ ਰਹੇ ਕਿ ਜੈਨਕੋ ਦੇ ਡਿਨਰ ਕਲਚਰਲ, ਸਮਾਜਿਕ, ਧਾਰਮਿਕ ਅਤੇ ਹੋਰ ਸਰਗਰਮੀਆਂ ਨੂੰ ਸ਼ੁਰੂ ਅਤੇ ਚੱਲਦਾ ਰੱਖਣ ਲਈ ਸਿਟੀ ਆਫ ਸੈਨਹੋਜ਼ੇ ਵਿਚ ਚੀਫ ਦੀ ਸੇਵਾ ਨਿਭਾਅ ਰਹੇ ਗੁਰਜੰਟ ਸਿੰਘ ਸੰਘਾ ਦਾ ਵੱਡਾ ਯੋਗਦਾਨ ਹੈ ਜੋ ਨਿਰੰਤਰ ਜਾਰੀ ਹੈ।




33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service




9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਬੁੱਧ ਤੋਂ ਬੁੱਧ ਤੱਕ





- ਫਤਿਹਜੰਗ ਸਿੰਘ
9872670278

ਪਿਛਲੇ ਕਾਫੀ ਸਮੇਂ ਤੋਂ ਭਾਰਤ ਦੇ ਸਮਾਜਿਕ ਹਾਲਾਤ ਇਹੋ ਜਿਹੇ ਬਣਾ ਦਿੱਤੇ ਗਏ ਹਨ ਕਿ ਦੇਸ਼ ਦਾ ਸਾਰਾ ਢਾਂਚਾਹੀ ਚਰਮਰਾ ਗਿਆ ਲੱਗਦਾਹੈ। ਜਾਪਦਾ ਹੈ ਇਨਸਾਫ, ਪੁਲਿਸ ਜਾਂ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਰਹਿ ਗਈ। ਕੇਂਦਰ ਅਤੇ ਇਸ ਦੀਆਂ ਭਾਈਵਾਲ ਰਾਜ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਇਹ ਪ੍ਰਭਾਵ ਪੈਦਾ ਹੋ ਰਿਹਾ ਹੈ ਕਿ ਇਹ 'ਸਭ ਦਾ ਵਿਕਾਸ, ਸਭ ਦਾ ਸਾਥ' ਦੀਆਂ ਜਿੰਨੀਆਂ ਮਰਜ਼ੀ ਟਾਹਰਾਂ ਮਾਰ ਲੈਣ ਪਰ ਇਹਨਾਂ ਦਾ ਸਮਾਜ ਜਾਂ ਵਿਕਾਸ ਨਾਲ ਤਾਂ ਦੂਰ ਦਾ ਵੀ ਵਾਸਤਾ ਨਜ਼ਰ ਨਹੀਂ ਆ ਰਿਹਾ।ਕਿਹਨਾਂ ਦਾ ਵਿਕਾਸ ਹੋ ਰਿਹਾ ਹੈ ਤੇ ਕਿਹਨਾਂ ਦਾ ਵਿਨਾਸ਼, ਇਹ ਤਾਂ ਹੁਣ ਜੱਗ ਜਾਹਿਰ ਹੋ ਹੀ ਚੁੱਕਿਆ ਹੈ। ਹੁਣ ਤਾਂ ਸਰਕਾਰ ਦਾ ਅਸਲ ਏਜੰਡਾ ਕੀ ਹੈ, ਇਹ ਵੀ ਸ਼ਰੇਆਮ ਪ੍ਰਗਟ ਹੋ ਚੁੱਕਿਆ ਹੈ ਜੋ ਕਿ ਪਹਿਲਾਂ ਅਕਸਰ ਲੁਕਵਾਂ ਹੋਇਆ ਕਰਦਾ ਸੀ। ਹੁਣ ਤਾਂ ਸੱਤਾਧਾਰੀ ਪਾਰਟੀ ਦਾ ਕੇਂਦਰ ਜਾਂ ਰਾਜ ਪੱਧਰ ਦਾ ਹਰ ਛੋਟਾ ਤੇ ਵੱਡਾ ਲੀਡਰ ਸ਼ਰੇਆਮ ਭਾਰਤ ਨੂੰ ਹਿੰਦੂਸਤਾਨ ਬਣਾਉਣ 'ਤੇ ਤੁਲਿਆ ਹੋਇਆ ਹੈ। ਹੁਣ ਕਿਸੇ ਨੂੰ ਕੋਈ ਲਕੋਅ ਛਪੋਅ ਨਹੀਂ ਸਿੱਧਾ ਹੀ ਦਾਗ ਦਿੱਤਾ ਜਾਂਦਾ ਹੈ ਕਿ ਜੇ ਕੋਈ ਇਹ ਨਹੀਂ ਕਰ ਸਕਦਾ, ਔਹ ਨਹੀਂ ਕਰ ਸਕਦਾ, ਇਹ ਨਹੀਂ ਖਾ ਸਕਦਾ, ਔਹ ਨਹੀਂ ਖਾ ਸਕਦਾ ਤਾਂ ਉਹ ਅੱਜ ਹੀ ਇਹ ਦੇਸ਼ ਛੱਡ ਕੇ ਫਲਾਣੇ ਦੇਸ਼ ਚਲਿਆ ਜਾਵੇ।

ਪਿਛਲੇ ਸਮੇਂ ਦੀਆਂ ਘਟਨਾਵਾਂ ਗਵਾਹ ਹਨ ਕਿ ਕਦੇ ਘਰ ਵਾਪਸੀ, ਕਦੇ ਲਵ-ਜੇਹਾਦ, ਕਦੇ ਗਊ ਬਚਾਓ, ਕਦੇ ਧਰਮ ਜਾਤੀ ਦੇ ਨਾਂ 'ਤੇ ਮੁੱਦਾ ਖੜ੍ਹੇ ਕਰਕੇ ਸ਼ਰੇਆਮ ਕਾਨੂੰਨ ਅਤੇ ਪ੍ਰਬੰਧ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਜਾਂਦੀਆਂ ਹਨ। ਰੋਕ ਟੋਕ ਬਰਦਾਸ਼ਤ ਨਹੀਂ ਕੀਤੀ ਜਾਂਦੀ। ਜੇ ਕਾਨੂੰਨ ਜਾਂ ਸੰਵਿਧਾਨ ਦੀ ਗੱਲ ਕਰੋ ਤਾਂ ਇਹ ਪੁਰਾਣੇ ਅੰਗਰੇਜ਼ਾਂ ਦੇ ਵੇਲੇ ਦੇ ਆਖ ਕੇ ਇਹਨਾਂ ਨੂੰ ਨਾ ਮੰਨਣ ਜਾਂ ਬਦਲਣ ਦੀ ਗੱਲ ਕੀਤੀ ਜਾਂਦੀ ਹੈ। ਠੀਕ ਹੈ ਬਦਲ ਲੈਣਾ ਪਰ ਜਦੋਂ ਤੱਕ ਨਹੀਂ ਬਦਲਿਆ ਜਾਂਦਾ, ਉਦੋਂ ਤੱਕ ਤਾਂ ਲਾਗੂ ਕਾਨੂੰਨ ਅਨੁਸਾਰ ਚੱਲੋ। ਮਨੁੱਖੀ ਹਿੱਤਾਂ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਇਹਨਾਂ ਦਾ ਘਾਣ ਵੀ ਤਾਂ ਨਾ ਕਰੋ। ਮਨੁੱਖੀ ਹਿੱਤਾਂ ਦੇ ਹੱਕ ਵਿਚ ਤਾਂ ਸੰਸਾਰਕ ਭਾਈਚਾਰਾ ਵੀ ਖਲੋਂਦਾ ਹੈ। ਇਸ ਦੇਸ਼ ਦਾ ਕਾਨੂੰਨ ਨਹੀਂ ਮੰਨਣਾ ਤਾਂ ਸੰਸਾਰ ਦੇ ਭਾਈਚਾਰੇ ਦੀ ਆਵਾਜ਼ ਸੁਣ ਲਓ। ਜੇ ਇਹ ਵੀ ਨਹੀਂ ਮੰਨਣਾ ਤਾਂ ਰੱਬ ਨੂੰ ਮੰਨਣ ਵਾਲਿਓ ਰੱਬੀ ਕਾਨੂੰਨ ਹੀ ਮੰਨ ਲਓ, ਜੋ ਪਲ-ਪਲ ਛਿੰਨ-ਛਿੰਨ ਬਰਾਬਰਤਾ ਦਾ ਅਹਿਸਾਸ ਕਰਵਾਉਂਦਾ ਹੈ, ਨਿਤਾਣਿਆਂ ਅਤੇ ਨਿਹੱਥਿਆਂ ਦੇ ਹੱਕ ਵਿਚ ਖਲੋਂਦਾ ਹੈ। ਪਰ ਇਹ ਕਿਹੜਾ ਕਾਨੂੰਨ ਹੋਇਆ ਜੋ ਦੇਸ਼ ਵਿਚ ਥਾਂ-ਥਾਂ 'ਤੇ ਦੰਗੇ-ਫਸਾਦ, ਅੱਗਾਂ, ਕਤਲ, ਮਾਰਕੁੱਟ, ਜਬਰ-ਜਿਨਾਹ ਫੈਲਾਉਂਦਾ ਜਾ ਰਿਹਾ ਹੈ? ਕਾਨੂੰਨ ਮਨੁੱਖ ਦਾ ਦੁਸ਼ਮਣ ਹੈ ਜਾਂ ਰਖਵਾਲਾ? ਕਾਨੂੰਨ ਦਹਿਸ਼ਤਗਰਦੀ ਫੈਲਾਉਂਦਾ ਹੈ ਜਾਂ ਸ਼ਾਂਤੀ? ਕਾਨੂੰਨ ਮਨੁੱਖਤਾ ਦਾ ਵਿਕਾਸ ਕਰਦਾ ਹੈ ਜਾਂ ਵਿਨਾਸ਼? ਕਾਨੂੰਨ ਭਾਈਚਾਰਾ ਬਣਾਉਣ ਵਿਚ ਸਹਾਈ ਹੁੰਦਾ ਹੈ ਜਾਂ ਮਨੁੱਖ ਨੂੰ ਮਨੁੱਖ ਤੋਂ ਨਿਖੇੜਕੇ ਦੁਸ਼ਮਣੀਆਂ ਖੜ੍ਹੀਆਂ ਕਰਦਾ ਹੈ? ਕੀ ਹੈ ਕਾਨੂੰਨ? ਕੀ ਹੈ ਇਸਦੀ ਰਾਜ-ਕਾਜ ਜਾਂ ਸਮਾਜ ਵਿਚ ਭੂਮਿਕਾ? ਕੀ ਕਾਨੂੰਨ ਇਹੀ ਕਹਿੰਦਾ ਹੈ ਕਿ ਕਰ ਦਿਓ ਮਨੁੱਖਤਾ ਨੂੰ ਤਾਰ-ਤਾਰ, ਕਰ ਦਿਓ ਔਰਤ ਜਾਤ ਦੇ ਮਾਣ ਸਨਮਾਨ ਤੇ ਇੱਜ਼ਤ ਦਾ ਲਹੂ-ਲੁਹਾਣ, ਉਡਾ ਦਿਓ ਧੱਜੀਆਂ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਲਾਚਾਰੀਆਂ ਦੀਆਂ? ਕੀ ਕਾਨੂੰਨ ਦੇ ਰਖਵਾਲਿਆਂ ਵੱਲੋਂ ਆਪ ਹੀ ਲੁਟੇਰੇ, ਜ਼ਾਲਮ ਤੇ ਨਿਰਦਈ ਬਣ ਕੇ ਤੜਫਦੀ, ਕੁਰਲਾਂਦੀ, ਸਹਿਕਦੀ, ਕੱਟੀ ਵੱਢੀ ਤੇ ਲਹੂ-ਲੁਹਾਣ ਲੋਕਾਈ ਨੂੰ ਤਮਾਸ਼ਾ ਬਣਾ ਕੇ ਮਜ਼ੇ ਲੈਣ ਨੂੰ ਹੀ ਕਾਨੂੰਨ ਲਾਗੂ ਕਰਨਾ ਕਹਿੰਦੇ ਹਨ? ਕਾਨੂੰਨ ਬਣਾਉਣ ਵਾਲੇ ਵੀ ਤਾਂ ਸਿੱਧੇ ਜਾਂ ਅਸਿੱਧੇ ਭਾਈਵਾਲ ਬਣੇ ਨਜ਼ਰ ਆ ਰਹੇ ਹਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਕੀ ਬਣੂੰਗਾ ਉਸ ਖੇਤ ਦਾ!

ਇਹ ਕਿਹੋ ਜਿਹੇ ਦੇਸ਼ ਦੀ ਉਸਾਰੀ ਹੋ ਰਹੀ ਹੈ, ਜਿਸਦੀ ਨੀਂਹ ਕਤਲੋਗਾਰਤ ਵਿਚ ਰੱਖੀ ਜਾ ਰਹੀ ਹੈ? ਹਿਸਦੀ ਚਿਣਵਾਈ ਲਈ ਸਿਰਾਂ, ਲੋਥਾਂ, ਲਾਸ਼ਾਂ, ਖੂਨ ਤੇ ਮਿੱਝ ਨਾਲ ਕਰਨੀ ਜ਼ਰੂਰੀ ਹੈ?

ਇਹ ਕਿਹੋ ਜਿਹਾ ਦੇਸ਼ ਬਣੇਗਾ? ਇਹੋ ਜਿਹੇ ਬਣਾਏ ਗਏ ਦੇਸ਼ ਦੇ ਨਾਗਰਿਕ ਕਿਹੋ ਜਿਹੀ ਸ਼ਾਂਤੀ ਤੇ ਅਮਨ ਨਾਲ ਰਹਿ ਸਕਣਗੇ? ਸੰਸਾਰਕ ਭਾਈਚਾਰਾ ਇਸਨੂੰ ਕਿਸ ਥਾਂ 'ਤੇ ਰੱਖੇਗਾ? ਇਸ ਕਵਾਇਦ ਨੂੰ ਧਰਮ ਨਾਲ ਜੋੜ ਕੇ ਤੋਰਿਆ ਜਾ ਰਿਹਾ ਹੈ ਤਾਂ ਕੀ ਇਹ ਧਰਮ ਇੰਨਾ ਕਮਜ਼ੋਰ ਹੈ ਕਿ ਲੋਕਾਈ ਨੂੰ ਡਰਾ ਧਮਕਾ ਕੇ, ਮਾਰ-ਕਾਟ ਕਰਕੇ ਹੀ ਇਸਨੂੰ ਲਾਗੂ ਕੀਤਾ ਜਾ ਸਕਦਾ ਹੈ? ਪਿਆਰ, ਸਤਿਕਾਰ, ਭਾਈਚਾਰਾ, ਆਜ਼ਾਦੀ ਤਾਂ ਧਰਮਦੇ ਸਰਬ ਪ੍ਰਵਾਨਿਤ ਗੁਣ ਹਨ।

ਹਿਟਲਰ ਤੇ ਚੰਗੇਜ਼ ਖਾਨ ਦੇ ਤੌਰ-ਤਰੀਕਿਆਂ ਨੂੰ ਤਾਂ ਦੁਨੀਆਂ ਕਦੋਂਦੀ ਤਿਲਾਂਜਲੀ ਦੇ ਚੁੱਕੀ ਹੈ। ਕਿਉਂ ਉਹਨਾਂ ਦੇ ਪਿੰਜਰਾਂ 'ਤੇ ਛੂਹ-ਮੰਤਰ ਕਰਕੇ ਉਹਨਾਂ ਵਿਚ ਰੂਹ ਫੂਕਣ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ? ਜੇ ਦੁਨੀਆਂ ਨੂੰ ਇਕ ਪਿੰਡ ਮੰਨ ਕੇ ਚੱਲਣ ਵਿਚ ਭਾਈਵਾਲ ਬਣੇ ਹੋ ਤਾਂ ਨਜ਼ਰ ਮਾਰੋ ਕਿੰਨੇ ਹੀ ਦੇਸ਼ਾਂ ਨੇ ਮੰਨ ਲਿਆ ਹੈ ਕਿ ਸਥਾਈ ਸ਼ਾਂਤੀ ਲਈ ਧਰਮਾਂ ਨਾਲੋਂ ਮਨੁੱਖ ਨੂੰ ਕੇਂਦਰ ਵਿਚ ਰੱਖਣਾ ਪਵੇਗਾ। ਉਹਨਾਂ ਵੱਲ ਵੇਖੋ ਕਿੰਨੇ ਹੀ ਧਰਮਾਂ-ਮਜ਼ਹਬਾਂ ਨੂੰ ਆਪਣੇ ਆਪ ਵਿਚ ਸੰਭਾਲ ਕੇ ਉਹਨਾਂ ਨੂੰ ਬਿਨਾਂ ਕੋਈ ਜੁੰਬਸ ਪਹੁੰਚਾਇਆਂ ਉਹ ਸ਼ਾਂਤੀ, ਅਮਨ ਤੇ ਵਿਕਾਸ ਵੱਲ ਦੌੜਦੇ ਨਜ਼ਰ ਆ ਰਹੇ ਹਨ। ਕਿੰਨੀ ਤਾਕਤ ਦੇ ਮਾਲਕ ਉਹ ਬਣੇ ਬੈਠੇ ਹਨ ਕਿ ਮਜ਼ਹਬਾਂ ਵਾਲੇ ਵਾਰ-ਵਾਰ ਮਦਦ ਲਈ ਉਹਨਾਂ ਵੱਲ ਝਾਕਦੇ ਹਨ। ਕੀ ਇਹ ਰਾਹ ਠੀਕ ਨਹੀਂ?

ਸਿਆਣੇ ਆਖਦੇ ਹਨ ਕਿ ਘਟੀਆ, ਘਿਨਾਉਣੇ ਤੇ ਜ਼ਬਰ ਜ਼ੁਲਮ ਦੇ ਢੰਗ ਤਰੀਕਿਆਂ ਨਾਲ ਪ੍ਰਾਪਤ ਕੀਤਾ ਰਾਜਪਾਟ ਕਦੇ ਵੀ ਸੁਖ ਸ਼ਾਂਤੀ ਨਾਲ ਮਾਣਿਆ ਨਹੀਂ ਜਾ ਸਕਦਾ ਅਤੇ ਨਾ ਹੀ ਮਨੁੱਖਤਾ ਦੀ ਕਚਹਿਰੀ ਅਤੇ ਭਾਈਚਾਰੇ ਦੀ ਸੱਥ ਵਿਚ ਉਸਦੇ ਵਧੀਆ ਹੋਣ 'ਤੇ ਮਾਣ ਹੀ ਕੀਤਾ ਜਾ ਸਕਦਾ ਹੈ। ਪੁਰਾਣੇ ਵੇਲੇ ਹੋਰ ਸਨ ਪਰ ਅੱਜ ਜਦੋਂ ਹੁਣ ਸਾਰਾ ਸੰਸਾਰ ਇਕ ਇਕਾਈ ਵਿਚ ਤਬਦੀਲ ਹੋ ਰਿਹਾ ਹੈ ਤਾਂ ਛੋਟੀ ਤੋਂ ਛੋਟੀ ਉਕਾਈ ਜਾਂ ਗਲਤੀ ਸਾਰੀ ਦੁਨੀਆਂ ਨੋਟ ਕਰਦੀ ਹੈ ਅਤੇ ਉਸਦੀ ਚੀਰ-ਫਾੜ ਕਰਦੀ ਹੈ। ਰਾਜ ਪ੍ਰਾਪਤੀ ਦੇ ਪੁਰਾਣੇ, ਘਟੀਆ ਅਤੇ ਘਸੇ-ਪਿਟੇ ਅਣਮਨੁੱਖੀ ਤਰੀਕੇ ਵਰਤਣ ਕਰਕੇ ਹੀ ਇਸ ਦੇਸ਼ ਨੂੰ ਪਿਛਲੇ ਢਾਈ ਹਜ਼ਾਰ ਸਾਲਾਂ ਵਿਚ ਕੋਈ ਅਜਿਹੀ ਸ਼ਖਸੀਅਤ ਨਹੀਂ ਮਿਲੀ ਜੋ ਬੁੱਧ ਦੀ ਥਾਂ ਲੈ ਸਕੀ ਹੋਵੇ। ਅੱਜ ਵੀ ਇਸ ਦੇਸ਼ ਨੂੰ ਦੂਜੇ ਦੇਸ਼ ਬੁੱਧ ਦਾ ਭਾਰਤ ਕਰਕੇ ਹੀ ਜਾਣਦੇ ਹਨ। ਆਖਿਰ ਕੀ ਸੀ ਬੁੱਧ ਵਿਚ?

ਬੱਸ ਸੁਖ ਸ਼ਾਂਤੀ, ਅਮਨ, ਭਾਈਚਾਰਾ, ਆਜ਼ਾਦੀ, ਬਰਾਬਰੀ ਦੀ ਭਾਵਨਾ ਦਾ ਸੰਦੇਸ਼ ਸੀ ਜੋ ਮਨੁੱਖਤਾ ਦੇ ਪੁੰਗਰਨ ਲਈ ਜ਼ਰੂਰੀ ਹੈ, ਉਸਦੇ ਵਿਗਸਣ ਲਈ ਲੋੜੀਂਦਾ ਹੈ ਅਤੇ ਉਸਦੀ ਖੁਸ਼ਹਾਲੀ ਲਈ ਜਾਮਨ ਹੈ। ਜੇ ਪੁਰਾਣੀ ਸੰਸਕ੍ਰਿਤੀ ਅਤੇ ਪ੍ਰੰਪਰਾਵਾਂ ਦੀ ਪ੍ਰਾਪਤੀ ਲਈ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣ ਹੀ ਲੱਗੇ ਹੋ ਤਾਂ ਇਸਨੂੰ ਬੁੱਧ ਤੱਕ ਜ਼ਰੂਰ ਲੈ ਕੇ ਜਾਇਓ, ਜਿੱਥੋਂ ਇਸ ਦੇਸ਼ ਦੀ ਕਦੇ ਕੋਈ ਪਛਾਣ ਬਣੀ ਸੀ।

**ਮੁਲਜ਼ਮ ਵੋਹੀ, ਮੁਨਸਿਬ ਵੋਹੀ**
**ਮੁਝੇ ਪਤਾ ਹੈ ਵੋਹ**
**ਕਿਆ ਇਨਸਾਫ ਕਰੇਂਗੇ।**

# "ਕਿਵੇਂ ਰਾਖੀ ਕਰੀਏ ਆਪਣੇ ਧਰਮ ਦੀ"



ਅਮਨਪ੍ਰੀਤ ਸਿੰਘ
ਵਟਸ ਅਪ 09465554088

ਅਸੀਂ ਬਹੁਤ ਅਣਖੀਲੇ ਹਾਂ। ਅਸੀਂ ਜ਼ਰਾ ਵੀ ਜ਼ੁਲਮ ਨਹੀਂ ਸਹਿਣਾ। ਜੇ ਸਾਡੇ ਧਰਮ ਬਾਰੇ ਕੋਈ ਵੀ ਕੁੱਝ ਵੀ ਜ਼ਰਾ ਵੀ ਗਲਤ ਬੋਲੇਗਾ, ਤਾਂ ਅਸੀਂ ਉਸਦਾ ਕਤਲ ਕਰ ਦਿਆਂਗੇ। ਧਰਮ ਦੀ ਲੜ੍ਹਾਈ ਸਾਡੀ ਖੁਦਾ ਲਈ ਲੜ੍ਹਾਈ ਹੈ। ਜੋ ਸਾਡੇ ਗੁਰੂਆਂ ਦੇ ਵਿਰੋਧ ਵਿੱਚ ਬੋਲੇ, ਉਸਨੂੰ ਜਿਉਣ ਦਾ ਕੋਈ ਹੱਕ ਨਹੀਂ।" ਅਜਿਹੀ ਸੋਚ ਕਈ ਧਰਮਾਂ ਦੇ ਲੋਕਾਂ ਵਿੱਚ ਪਾਈ ਜਾਂਦੀ ਹੈ। ਦੇਖਣ ਵਿੱਚ ਇਹ ਬਿਲਕੁਲ ਸਹੀ ਜਾਪਦਾ ਹੈ ਕਿ ਕਿਸੇ ਨੂੰ ਵੀ ਆਪਣੇ ਧਰਮ ਦੀ ਬੇਅਦਬੀ ਨਹੀਂ ਸਹਾਰਨੀ ਚਾਹੀਦੀ। ਇਹ ਇਕ ਪਾਸੋਂ ਸਹੀ ਵੀ ਹੈ। ਪਰ ਜੋ ਇਹ ਸੋਚਾਂ ਹਨ, ਜੋ ਕਿਸੇ ਦੀ ਜਾਨ ਲੈਣ ਤੱਕ ਜਾ ਰਹੀਆਂ ਹਨ, ਇਹ ਬਹੁਤ ਖਤਰਨਾਕ ਅਤੇ ਭੜਕੀਲੀਆਂ ਹਨ। ਵੈਸੇ ਤਾਂ ਇਹ ਸੋਚਾਂ ਦਾ ਮਤਲਬ ਧਰਮ ਦੀ ਰਾਖੀ ਕਰਨਾ ਹੈ। ਪਰ ਇਤਿਹਾਸ ਗਵਾਹ ਹੈ ਕਿ ਅਸਲ ਵਿੱਚ ਇਹੋ ਜਿਹੀ ਸੋਚਾਂ ਦਾ, ਇਹੋ ਜਿਹੀ ਮਾਨਸਿਕਤਾਵਾਂ ਦਾ ਫਾਇਦਾ ਕੁੱਝ ਅਜਿਹੇ ਲੋਕ ਉਠਾ ਕੇ ਲੈ ਜਾਂਦੇ ਹਨ, ਜਿਨ੍ਹਾਂ ਦਾ ਧਰਮ ਨਾਲ ਕੋਈ ਵਾਸਤਾ ਹੁੰਦਾ ਹੀ ਨਹੀਂ। ਮੈਂ ਕਿਤੇ ਇੱਕ ਲੇਖ ਪੜ੍ਹਿਆ ਸੀ "ਕੁੱਤਿਆਂ ਦੀ ਲੜਾਈ" ਜਿਸ ਵਿੱਚ ਦੱਸਿਆ ਗਿਆ ਸੀ ਕਿ ਵੱਡੇ ਲੀਡਰ ਯਾ ਅਮੀਰ ਵੱਡੇ ਆਦਮੀ ਆਮ ਲੋਕਾਂ ਨੂੰ ਲੜਾ ਕੇ ਆਪਣਾ ਫਾਇਦਾ ਕੱਢ ਲੈ ਜਾਂਦੇ ਹਨ, ਅਤੇ ਆਮ ਆਦਮੀ ਹੀ ਕੁੱਤਿਆਂ ਵਾਂਗ ਇੱਕ ਦੂਜੇ ਨਾਲ ਲੜਦੇ ਰਹਿ ਜਾਂਦੇ ਹਨ। ਇਸ ਲੇਖ ਵਿੱਚ ਮੈਨੂੰ ਬਹੁਤ ਸੱਚਾਈ ਮਹਿਸੂਸ ਹੁੰਦੀ ਹੈ। ਜੋ ਆਪਣੇ ਅੰਦਰ ਇੱਕ ਭੜਕੀਲਾਪਣ ਹੈ, ਜੇ ਦੂਜੇ ਸ਼ਬਦਾਂ ਵਿੱਚ ਕਹੀਏ ਜੋ ਆਪਣੇ ਅੰਦਰ ਜੋਸ਼ ਹੈ ਅਤੇ ਆਪਣੇ ਧਰਮ ਦੀ ਰਾਖੀ ਕਰਨ ਲਈ ਜਜ਼ਬਾ ਹੈ, ਉਹ ਤਾਂ ਸਹੀ ਹੈ, ਪਰ ਇਸ ਦੀ ਹਮੇਸ਼ਾਂ ਆਪਣੇ ਹੱਥੋਂ ਹੀ ਦੁਰਵਰਤੋਂ ਕਰਵਾਈ ਜਾਂਦੀ ਹੈ। ਹਮੇਸ਼ਾਂ ਇਹ ਹੀ ਦੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਦਾ ਖੂਨ ਗਰਮ ਹੈ, ਉਹ ਹਮੇਸ਼ਾਂ ਯਾ ਤਾਂ ਲੀਡਰਾਂ ਦਾ ਸ਼ਿਕਾਰ ਬਣਦੇ ਹਨ, ਯਾ ਅੱਤਵਾਦੀ ਸੰਗਠਨਾਂ ਦਾ। ਉਹਨਾਂ ਨੂੰ ਅਜਿਹੇ ਲੋਕ ਹੀ ਤਾਂ ਚਾਹੀਦੇ ਹੁੰਦੇ ਹਨ, ਜਿਨ੍ਹਾਂ ਵਿੱਚ ਕੋਈ ਸੋਝੀ ਨਾ ਹੋਵੇ, ਜਿਨ੍ਹਾਂ ਨੂੰ ਆਸਾਨੀ ਨਾਲ ਧਰਮ ਦੇ ਨਾਂ 'ਤੇ, ਜ਼ੁਲਮ ਦੇ ਨਾਂ 'ਤੇ ਭੜਕਾਇਆ ਜਾ ਸਕੇ, ਅਤੇ ਜਿੱਥੇ ਉਹਨਾਂ ਨੂੰ ਵਰਤਣਾ ਚਾਹੁੰਦੇ ਹੋਣ, ਉੱਥੇ ਵਰਤੇ ਜਾ ਸਕਣ। ਜ਼ਿਆਦਾ ਜੋਸ਼ੀਲੇ ਲੋਕਾਂ ਵਿੱਚ ਮਨ ਦਾ ਟਿਕਾਅ ਨਹੀਂ ਹੁੰਦਾ, ਉਹ ਕੁੱਝ ਕਰਨ ਤੋਂ ਪਹਿਲਾਂ ਜ਼ਿਆਦਾ ਸੋਚਦੇ ਨਹੀਂ। ਹੁਣ ਮਨ ਲਵੋ ਕੋਈ ਅੱਤਵਾਦੀਆਂ ਦਾ ਮੁੱਖੀ ਹੈ, ਉਸਨੇ ਕਿਸੇ ਸੂਬੇ ਵਿੱਚ ਮਾਹੌਲ ਖਰਾਬ ਕਰਨਾ ਹੈ। ਹੁਣ ਉਹ ਕੀ ਕਰੇਗਾ? ਸਭ ਤੋਂ ਪਹਿਲਾਂ ਉਹ ਭੜਕੀਲੇ ਲੋਕ ਲੱਭੇਗਾ ਉਸ ਸੂਬੇ ਵਿੱਚ, ਅਤੇ ਅਜਿਹੇ ਲੋਕਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕਰੇਗਾ ਜਿਨ੍ਹਾਂ ਨਾਲ ਕੋਈ ਛੋਟਾ ਮੋਟਾ ਅਤਿਆਚਾਰ ਹੋਇਆ ਹੋਵੇ, ਕਿਉਂਕਿ ਅਜਿਹੇ ਲੋਕ ਅਕਸਰ ਸੋਚਣ ਦੀ ਸਮਰੱਥਾ ਖੋਹ ਬੈਠਦੇ ਹਨ। ਉਹ ਅਜਿਹੇ ਲੋਕ ਵੀ ਇਕੱਠੇ ਕਰੇਗਾ ਜੋ ਘੱਟ ਗਿਣਦੀ ਕੌਮ ਦੇ ਹਨ ਕਿਉਂਕਿ ਇਹ ਵਿਸ਼ਵ ਭਰ ਵਿੱਚ ਹੀ ਹੈ ਕਿ ਜੋ ਘੱਟ ਗਿਣਤੀ ਕੌਮ ਦੇ ਲੋਕ ਹਨ, ਉਹ ਵੱਧ ਗਿਣਤੀ ਕੌਮਾਂ ਵਾਲੇ ਲੋਕਾਂ ਤੋਂ ਨਾਰਾਜ਼ ਹੀ ਹਨ, ਇਸਦੇ ਪਿੱਛੇ ਬਹੁਤ ਸਾਰੇ ਕਾਰਨ ਹਨ। ਜਦੋਂ ਅਜਿਹੇ ਲੋਕ ਇਕੱਠੇ ਹੋ ਗਏ, ਤਾਂ ਸਮਝ ਲਵੋ ਉਸ ਘਟੀਆ ਮੁੱਖੀ ਦਾ ਕੰਮ ਹੋ ਗਿਆ। ਹੁਣ ਉਸ ਮੁੱਖੀ ਦਾ ਸਿਰਫ ਇੱਕੋ ਹੀ ਮਕਸਦ ਹੈ ਕਿ ਨਾਜਾਇਜ਼ ਕਤਲੇਆਮ ਫੈਲਾਉਣਾ ਪਰ ਹੁਣ ਉਹ ਇਕੱਠੇ ਕੀਤੇ ਹੋਏ ਲੋਕਾਂ ਸਾਹਮਣੇ ਭਾਸ਼ਣ ਕੁੱਝ ਅਜਿਹਾ ਦੇਵੇਗਾ "ਮੇਰੇ ਭਰਾਵੋ, ਤੁਹਾਡੇ ਨਾਲ ਬਹੁਤ ਅਤਿਆਚਾਰ ਹੋਇਆ ਹੈ। ਇਸਦਾ ਦੁੱਖ ਸਿਰਫ ਤੁਹਾਨੂੰ ਨਹੀਂ, ਮੈਨੂੰ ਵੀ ਹੈ। ਜੋ ਨੁਕਸਾਨ ਤੁਹਾਡਾ ਹੋਇਆ ਹੈ, ਅਸਲ ਵਿੱਚ ਇਹ ਨੁਕਸਾਨ ਮੇਰਾ ਵੀ ਹੋਇਆ ਹੈ। ਅਸਲ ਵਿੱਚ ਇਹ ਨੁਕਸਾਨ ਮੇਰਾ ਯਾ ਤੁਹਾਡਾ ਹੀ ਨਹੀਂ, ਇਹ ਨੁਕਸਾਨ ਆਪਣੀ ਪੂਰੇ ਧਰਮ ਦਾ ਹੋਇਆ ਹੈ, ਆਪਣੀ ਪੂਰੀ ਕੌਮ ਦਾ ਹੋਇਆ ਹੈ। ਜਿਹੜੀ ਸਰਕਾਰ ਆਪਣੇ ਨਾਲ ਅਤਿਆਚਾਰ ਕਰ ਰਹੀ ਹੈ, ਉਹ ਸਿਰਫ ਇਸ ਲਈ ਕਰ ਰਹੀ ਹੈ ਕਿਉਂਕਿ ਆਪਾਂ ਇਹ ਮੌਜੂਦਾ ਧਰਮ ਮੰਨਦੇ ਹਾਂ। ਕੀ ਇਹ ਧਰਮ ਮੰਨਣਾ ਗੁਨਾਹ ਹੈ? ਕੀ ਆਪਣੇ ਕੋਲ ਇਹ ਵੀ ਹੱਕ ਨਹੀਂ ਹੈ ਕਿ ਆਪਾਂ ਆਪਣੀ ਮਰਜ਼ੀ ਦਾ ਧਰਮ ਮੰਨ ਸਕੀਏ। ਆਪਾਂ ਆਪਣੇ ਧਰਮ ਦੀ ਰਾਖੀ ਲਈ ਇਸ ਘਟੀਆ ਸਰਕਾਰ ਨਾਲ ਲੜਾਈ ਲੜਾਂਗੇ। ਆਪਾਂ ਜਿਹਾਦ ਕਰਾਂਗੇ। ਇਹ ਸਰਕਾਰ ਹੁਣ ਪਿਆਰ ਨਾਲ ਨਹੀਂ ਸੁਣਦੀ, ਇਸ ਨੂੰ ਜੁੱਤੀਆਂ ਨਾਲ ਸੁਣਾਵਾਂਗੇ। ਸੋ ਲੋਕੋ ਆਪਣੀ ਕੌਮ ਨਾਲ ਹੋ ਰਹੇ ਘਾਣ ਨੂੰ ਰੋਕਣਾ ਪਵੇਗਾ। ਸੋ ਮੇਰੇ ਵੀਰੋ ਆਪਣੇ ਧਰਮ, ਆਪਣੇ ਕੌਮ ਦੇ ਲੋਕਾਂ ਨੂੰ ਇਕੱਠਾ ਕਰੋ, ਮਦਦ ਤੁਹਾਡੀ ਮੈਂ ਕਰਾਂਗਾ ਇਸ ਧਰਮ ਯੁੱਧ ਵਿੱਚ।" ਬੱਸ ਇਨ੍ਹਾਂ ਕਹਿਣ ਹੀ ਦੀ ਦੇਰ ਹੈ, ਕਿ ਉਹ ਸਾਰੇ ਜੋਸ਼ੀਲੇ ਲੋਕ ਚੀਕਾਂ ਮਾਰ ਮਾਰ ਕੇ ਸਮਰਥਨ ਦੇਣ ਲਗ ਜਾਂਦੇ ਹਨ। ਅਤੇ ਫਿਰ ਜੋ ਹੁੰਦਾ ਹੈ ਉਹ ਸਾਰਿਆਂ ਨੂੰ ਹੀ ਪਤਾ ਹੈ- ਕਤਲੇਆਮ ਬਿਨ੍ਹਾਂ ਮਤਲਬ ਦਾ। ਜਦ ਇਹ ਕਤਲੇਆਮ ਹੋ ਰਿਹਾ ਹੁੰਦਾ ਹੈ, ਅਕਸਰ ਅਜਿਹੇ ਮੁੱਖੀ ਮਨ ਵਿੱਚ ਹੱਸ ਰਹੇ ਹੁੰਦੇ ਹਨ ਅਤੇ ਸੋਚ ਰਹੇ ਹੁੰਦੇ ਹਨ "ਇਹ ਲੋਕੀ ਜਮਾਂ ਮੂਰਖ ਹਨ। ਹਾਹਾ।" ਇਹ ਕਹਾਣੀ ਅੱਜ ਪੂਰੀ ਦੁਨੀਆ ਦੀ ਬਣ ਚੁੱਕੀ ਹੈ। ਪਤਾ ਹੀ ਨਹੀਂ ਅੱਝ ਕਿੰਨ੍ਹੇ ਦੇਸ਼ਾਂ ਵਿੱਚ, ਕਿੰਨੇ ਹੀ ਸੂਬਿਆਂ ਵਿੱਚ, ਕਿੰਨੇ ਹੀ ਤਰੀਕਿਆਂ ਵਿੱਚ ਇਹ ਸਭ ਚਲ ਰਿਹਾ ਹੈ। ਮੈਂ ਤੁਹਾਨੂੰ ਗੁਜ਼ਾਰਿਸ਼ ਕਰਾਂਗਾ ਕਿ ਤੁਸੀਂ ਥੋੜ੍ਹਾ ਦੁਨੀਆ ਦਾ ਇਤਿਹਾਸ ਪੜ੍ਹ ਕੇ ਦੇਖੋ ਹੈਰਾਨ ਰਹਿ ਜਾਵੋਂਗੇ। ਜੋਸ਼ੀਲੇ ਹੋਣਾ ਕੋਈ ਬੁਰੀ ਗਲ ਨਹੀਂ, ਪਰ ਨਾਲ ਸੋਝੀ ਰੱਖਣਾ ਵੀ ਬਹੁਤ ਜ਼ਰੂਰੀ ਹੈ। ਜੋਸ਼ੀਲਾਪਨ ਆਪਾਂ ਸਮਾਜ ਭਲਾਈ ਲਈ ਵਰਤਣਾ ਹੈ, ਕਤਲ ਨਹੀਂ ਕਰਨੇ। ਜੋਸ਼ੀਲਾਪਨ, ਅਣਖੀਲਾਪਨ, ਅਤੇ ਆਪਣੇ ਧਰਮ ਦੇ ਪ੍ਰਤੀ ਆਪਾਂ ਇਸ ਕਦਰ ਰਹਿਣਾ ਹੈ ਕਿ ਇਸ ਨਾਲ ਆਪਣਾ ਅਤੇ ਦੂਜਿਆਂ ਦਾ ਫਾਇਦਾ ਹੋਵੇ, ਨੁਕਸਾਨ ਨਹੀਂ। ਇੱਕ ਗਲ ਹਮੇਸ਼ਾਂ ਯਾਦ ਰੱਖਣੀ ਹੈ ਕਿ ਜੇ ਕੋਈ ਆਪਣੇ ਧਰਮ ਦੇ ਵਿਰੋਧ ਵਿੱਚ ਬੋਲਦਾ ਹੈ, ਤਾਂ ਵੀ ਉਸਨੂੰ ਪਿਆਰ ਦੇਣਾ ਹੈ, ਉਸ ਦਾ ਕਤਲ ਨਹੀਂ ਕਰਨਾ। ਨੁਕਸਾਨ ਕਰਨ ਨਾਲ ਦੂਜੇ ਦੇ ਦਿਲ ਵਿੱਚ ਹੋਰ ਜ਼ਿਆਦਾ ਨਫ਼ਰਤ ਹੀ ਭਰੀ ਜਾਏਗੀ ਆਪਣੇ ਧਰਮ ਦੇ ਵਿਰੁੱਧ ਅਤੇ ਹੋਰ ਪਤਾ ਨਹੀਂ, ਉਹੀ ਨਫ਼ਰਤ ਉਹ ਹੋਰ ਕਿੰਨ੍ਹਾਂ ਕਿੰਨ੍ਹਾਂ ਦੇ ਦਿਲ ਵਿੱਚ ਜਾ ਕੇ ਭਰੇਗਾ। ਪਰ ਜੇ ਆਪਾਂ ਪਿਆਰ ਕਰਾਂਗੇ, ਤਾਂ ਦੂਜਾ ਆਪਣੇ ਆਪ ਹੀ ਲਪੇਟਿਆ ਜਾਵੇਗਾ ਆਪਣੇ ਧਰਮ ਦੀ ਨਿੱਘੀ ਕੰਬਲੀ ਵਿੱਚ। ਸੋ ਜਿਹਾਦ, ਲੜ੍ਹਾਈ, ਦੰਗਿਆਂ ਨਾਲ ਆਪਣੇ ਧਰਮ ਦੀ ਰਾਖੀ ਨਹੀਂ ਕੀਤੀ ਜਾ ਸਕਦੀ ਹੈ। ਜੇ ਆਪਾਂ ਸੱਚੇ ਦਿਲੋਂ ਆਪਣੇ ਆਪਣੇ ਧਰਮਾਂ ਦੀ ਰਾਖੀ ਕਰਨਾ ਚਾਹੁੰਦੇ ਹੋਂ, ਤਾਂ ਪਿਆਰ ਦਾ ਰਸਤਾ ਅਪਨਾਉਣਾ ਹੀ ਪਵੇਗਾ। ਜੇ ਕੋਈ ਆਪਣੇ ਧਰਮ ਦੇ ਵਿਰੋਧ ਵਿੱਚ ਬੋਲਦਾ ਹੈ, ਉਸਨੂੰ ਪਿਆਰ ਨਾਲ ਸੁਣਨਾ ਹੀ ਪਵੇਗਾ। ਪਿਆਰ ਤੋਂ ਵੱਧ ਤਾਕਤਵਰ ਦੁਨੀਆਂ ਦਾ ਕੋਈ ਹਥਿਆਰ ਨਹੀਂ ਹੈ।

# ਇਸਾਈਆਂ ਦੀ ਸਿਆਸਤ

**(ਸਫਾ 6 ਦੀ ਬਾਕੀ)**

ਕਹਿਣ ਤੇ ਆਯੋਜਕਾਂ ਨੇ ਇਹ ਸਮਾਗਮ ਰੱਦ ਕਰ ਦਿੱਤਾ। ਅਮਰੀਕਾ ਤੋਂ ਆਏ ਰੈਵ. ਐਂਡਰਸਨ ਨੇ ਕਿਹਾ ਕਿ ਅਮਰੀਕਾ ਵਿਚ ਭਾਰਤ ਦੇ ਸਾਧੂ ਸੰਤ ਅਕਸਰ ਆਉਂਦੇ ਰਹਿੰਦੇ ਹਨ ਅਤੇ ਅਸੀਂ ਉਹਨਾਂ ਦਾ ਮਾਣ ਸਤਿਕਾਰ ਕਰਦੇ ਹਾਂ ਅਤੇ ਜਦ ਅਸੀਂ ਭਾਰਤ ਆਉਂਦੇ ਹਾਂ ਤਾਂ ਸਾਨੂੰ ਇਸ ਤਰ੍ਹਾਂ ਅਪਮਾਨਿਤ ਕੀਤਾ ਜਾਂਦਾ ਹੈ। ਸਾਨੂੰ ਇਸ ਬਾਰੇ ਹੁਣ ਸੋਚਣਾ ਪਵੇਗਾ।

### ਦੁਨੀਆ ਦੇ ਸਭ ਤੋਂ ਅਮੀਰਾਂ ਵਿਚੋਂ ਹਨ- ਹਰੀਸ਼ ਸਾਲਵੇ

22 ਜੂਨ 1956 ਵਿਚ ਨਾਗਪੁਰ ਵਿਚ ਇਕ ਇਸਾਈ ਪਰਿਵਾਰ ਵਿਚ ਪੈਦਾ ਹੋਏ ਦੇਸ਼ ਦੇ ਸਭ ਤੋਂ ਮਹਿੰਗੇ ਵਕੀਲ ਹਰੀਸ਼ ਸਾਲਵੇ- ਅੱਜ ਅੱਜ ਅੰਤਰ ਰਾਸ਼ਟਰੀ ਪੱਧਰ ਤੇ ਚਰਚਾ ਦਾ ਵਿਸ਼ਾ ਹਨ, ਉਹੀ ਵਕੀਲ ਹਨ ਜਿਹਨਾਂ ਨੇ ਅੰਤਰ ਰਾਸ਼ਟਰੀ ਅਦਾਲਤ ਵਿਚ ਪੇਸ਼ ਹੋ ਕੇ ਭਾਰਤ ਵੱਲੋਂ ਕੁਲਭੂਸ਼ਣ ਜਾਦਵ ਦਾ ਕੇਸ ਲੜਿਆ ਅਤੇ ਉਸਦੀ ਫਾਂਸੀ ਦੀ ਸਜ਼ਾ ਮੁਲਤਵੀ ਕਰਵਾਈ। ਉਹਨਾਂ ਦੀਆਂ ਦਲੀਲਾਂ ਨੂੰ ਪਾਕਿਸਤਾਨ ਦਾ ਵਕੀਲ ਕੱਟ ਨਹੀਂ ਸਕਿਆ। ਪਾਕਿਸਤਾਨ ਨੇ ਆਪਣੇ ਵਕੀਲ ਨੂੰ 6 ਕਰੋੜ ਰੁਪਏ ਕੇਸ ਲੜਨ ਲਈ ਦਿੱਤੇ ਜਦਕਿ ਸਾਲਵੇ ਨੇ ਭਾਰਤ ਸਰਕਾਰ ਤੋਂ ਕੇਵਲ ਇਕ ਰੁਪਿਆ ਫੀਸ ਲਈ।



ਸਾਲਵੇ ਮਿਸ਼ਨ ਸਕੂਲ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੰਜੀਨੀਅਰ ਬਣਨਾ ਚਾਹੁੰਦੇ ਸਨ। ਬਾਅਦ ਵਿਚ ਕਾਮਰਸ ਵਿਚ ਗ੍ਰੈਜੂਏਟ ਹੋਏ ਪਰ ਬਾਅਦ ਵਿਚ ਉਹਨਾਂ ਨੂੰ ਵਕਾਲਤ ਦਾ ਸ਼ੌਂਕ ਪੈਦਾ ਹੋ ਗਿਆ ਅਤੇ ਉਹਨਾਂ ਨੇ ਗਵਰਨਮੈਂਟ ਲਾਅ ਕਾਲਜ ਬੰਬਈ ਤੋਂ ਵਕਾਲਤ ਕੀਤੀ ਅਤੇ ਵਕਾਲਤ ਆਰੰਭ ਕੀਤੀ। ਉਹਨਾਂ ਦੇ ਪੜਦਾਦਾ ਸੁਬਾਰਡੀਨੇਟ ਜੱਜ ਰਹੇ ਸਨ। ਉਹਨਾਂ ਦੇ ਬਾਬਾ ਪੀ. ਕੇ. ਸਾਲਵੇ ਵਕੀਲ ਸਨ। ਉਹਨਾਂ ਦੇ ਪਿਤਾ ਐਲ. ਕੇ. ਪੀ. ਸਾਲਵੇ ਕਾਂਗਰਸ ਸਰਕਾਰ ਵਿਚ ਕੈ-ਬਨਿਟ ਮੰਤਰੀ ਰਹੇ। ਉਹਨਾਂ ਦੀ ਮਾਤਾ ਅੰਬਰਿਤੀ ਸਾਲਵੇ ਇਕ ਡਾਕਟਰ ਸੀ। ਆਰਥਿਕ ਪੱਖੋਂ ਵੇਖਿਆ ਜਾਵੇ ਤਾਂ ਹਰੀਸ਼ ਸਾਲਵੇ ਦੁਨੀਆਂ ਦੇ ਸਭ ਤੋਂ ਅਮੀਰ 20 ਵਕੀਲਾਂ ਵਿਚੋਂ ਇਕ ਹਨ। ਪਿਛਲੇ 9 ਸਾਲਾਂ ਵਿਚ 173 ਕਰੋੜ ਦਾ ਇਨਕਮ ਟੈਕਸ ਦੇ ਚੁੱਕੇ ਹਨ। ਸਪਰੀਮ ਕੋਰਟ ਦੇ ਸਭ ਤੋਂ ਮਹਿੰਗੇ ਵਕੀਲਾਂ ਵਿਚ ਉਹਨਾਂ ਦਾ ਨਾਂ ਆਉਂਦਾ ਹੈ। ਉਹ ਹਰ ਪੇਸ਼ੀ ਦਾ 6 ਤੋਂ 15 ਲੱਖ ਰੁਪਏ ਲੈਂਦੇ ਹਨ। ਐਨ. ਡੀ. ਏ. ਸਰਕਾਰ ਦੌਰਾਨ ਉਹ 1999 ਤੋਂ 2002 ਤੱਕ ਸਾਲਿਸਟਰ ਜਨਲ ਵੀ ਰਹੇ। ਮੁਕੇਸ਼ ਅੰਬਾਨੀ, ਰਤਨ ਟਾਟਾ, ਸਲਮਾਨ ਖਾਨ ਵਰਗੀਆਂ ਹਸਤੀਆਂ ਉਹਨਾਂ ਦੀਆਂ ਕਲਾਇੰਟ ਰਹੀਆਂ ਹਨ।

ਉਹਨਾਂ ਨੇ ਦੇਸ਼ ਦੇ ਬਹੁਤ ਵੱਡੇ-ਵੱਡੇ ਮੁਕੱਦਮੇ ਜਿੱਤੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਉਹ ਜਿਸ ਕੇਸ ਨੂੰ ਹੱਥ ਵਿਚ ਲੈਂਦੇ ਹਨ, ਉਹ ਕਦੀ ਵੀ ਹਾਰੇ ਨਹੀਂ।



# ਜਾਨ ਅਬਰਾਹਮ ਦੀ ਫ਼ਿਲਮ 'ਪ੍ਰਮਾਣੂ : ਦ ਸਟੋਰੀ ਆਫ਼ ਪੋਖਰਨ' ਦਾ ਪਹਿਲਾ ਪੋਸਟਰ ਰਿਲੀਜ਼





ਫ਼ਿਲਮੀ ਅਦਾਕਾਰ ਜਾਨ ਅਬਰਾਹਮ ਨੇ ਟਵੀਟਰ 'ਤੇ ਆਪਣੀ ਆਉਣ ਵਾਲੀ ਫ਼ਿਲਮ 'ਪ੍ਰਮਾਣੂ : ਦ ਸਟੋਰੀ ਆਫ਼ ਪੋਖਰਨ' ਦਾ ਪਹਿਲਾ ਪੋਸਟਰ ਰਿਲੀਜ਼ ਕੀਤਾ ਹੈ। ਫ਼ਿਲਮ ਦੇ ਪੋਸਟਰ 'ਤੇ ਭਾਰਤ ਦਾ ਨਕਸ਼ਾ ਬਣਿਆ ਹੋਇਆ ਹੈ, ਨਾਲ ਹੀ ਇਸ ਨਕਸ਼ੇ ਦੇ ਉੱਤੇ ਜਾਨ ਅਬਰਾਹਮ ਦੀ ਝਲਕ ਦਿਖਾਈ ਦੇ ਰਹੀ ਹੈ। ਜਾਨ ਅਬਰਾਹਮ ਦੇ ਬੈਨਰ ਹੇਠ ਬਣ ਰਹੀ ਇਸ ਫ਼ਿਲਮ ਦੇ ਨਿਰਮਾਤਾ ਤੇ ਮੁੱਖ ਅਦਾਕਾਰ ਜਾਨ ਅਬਰਾਹਮ ਹੀ ਹਨ। ਅਭਿਸ਼ੇਕ ਸ਼ਰਮਾ ਦੇ ਨਿਰਦੇਸ਼ਨ ਹੇਠ ਬਣੀ ਇਸ ਫ਼ਿਲਮ 'ਚ ਡਾਇਨਾ ਪਿੰਟੋ ਤੇ ਬੋਮਨ ਈਰਾਨੀ ਵੀ ਮਹੱਤਵਪੂਰਨ ਭੂਮਿਕਾ 'ਚ ਨਜ਼ਰ ਆਉਣਗੇ। ਇਹ ਫ਼ਿਲਮ ਪ੍ਰਮਾਣੂ ਨਗਰੀ ਪੋਖਰਨ 'ਚ 11 ਅਤੇ 13 ਮਈ 1998 ਨੂੰ ਹੋਏ ਲੜੀਵਾਰ ਪੰਜ ਪ੍ਰਮਾਣੂ ਪਰੀਖਣਾ 'ਤੇ ਅਧਾਰਿਤ ਹੈ। ਇਸ ਤੋਂ ਬਾਅਦ ਹੀ ਪੋਖਰਣ ਵਿਸ਼ਵ ਦੇ ਨਕਸ਼ੇ 'ਤੇ ਇੱਕ ਸ਼ਕਤੀ ਸਥਾਨ ਦੇ ਰੂਪ 'ਚ ਉੱਭਰਿਆ ਹੈ। ਅਜਿਹੀਆਂ ਖ਼ਬਰਾਂ ਆਈਆਂ ਸਨ ਕਿ ਪਹਿਲਾ ਇਸ ਫ਼ਿਲਮ ਦਾ ਨਾਂਅ ਸ਼ਾਂਤੀਵਨ ਰੱਖਿਆ ਗਿਆ ਸੀ, ਪਰੰਤੂ ਬਾਅਦ ਵਿਚ ਇਸ ਫ਼ਿਲਮ ਦਾ ਨਾਂਅ ਬਦਲ ਕੇ 'ਪ੍ਰਮਾਣੂ : ਦ ਸਟੋਰੀ ਆਫ਼ ਪੋਖਰਨ' ਰੱਖ ਦਿੱਤਾ ਗਿਆ।

## ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888



# ਕੇਦਾਰਨਾਥ ਪਹੁੰਚੀ ਸਾਰਾ ਖ਼ਾਨ



ਫ਼ਿਲਮੀ ਅਦਾਕਾਰ ਸੈਫ਼ ਅਲੀ ਖ਼ਾਨ ਦੀ ਧੀ ਸਾਰਾ ਅਲੀ ਖ਼ਾਨ ਆਪਣੀ ਪਹਿਲੀ ਫ਼ਿਲਮ ਲਈ ਕੇਦਾਰਨਾਥ ਪਹੁੰਚੀ ਹੈ। ਸਾਰਾ ਫ਼ਿਲਮ ਨਿਰਦੇਸ਼ਕ ਅਭਿਸ਼ੇਕ ਕਪੂਰ ਦੀ ਫ਼ਿਲਮ 'ਕੇਦਾਰਨਾਥ' ਰਾਹੀ ਬਾਲੀਵੁੱਡ 'ਚ ਕਦਮ ਰੱਖਣ ਜਾ ਰਹੀ ਹੈ ਜਿਸ ਵਿਚ ਉਹ ਫ਼ਿਲਮੀ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨਾਲ ਸਕਰੀਨ ਸਾਂਝੀ ਕਰੇਗੀ। ਫ਼ਿਲਮ ਇੱਕ ਪ੍ਰੇਮ ਕਹਾਣੀ ਤੇ ਅਧਾਰਿਤ ਹੈ ਜਿਸ ਦੀ ਸਾਰੀ ਸ਼ੂਟਿੰਗ ਕੇਦਾਰਨਾਥ ਵਿਖੇ ਹੀ ਹੋਵੇਗੀ। ਨਿਰਦੇਸ਼ਕ ਅਭਿਸ਼ੇਕ ਕਪੂਰ ਦੀ ਕੇਦ-ਾਰਨਾਥ ਮੰਦਿਰ ਦੇ ਬਾਹਰ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਅਭਿਸ਼ੇਕ ਰੈਕੀ ਕਰਨ ਲਈ ਕੇਦਾਰਨਾਥ ਪਹੁੰਚੇ ਹਨ ਇਸ ਦੇ ਨਾਲ ਹੀ ਅਭਿਸ਼ੇਕ ਕਪੂਰ ਤੇ ਸਾਰਾ ਖ਼ਾਨ ਨੇ ਭਗਵਾਨ ਭੋਲੇ ਸ਼ੰਕਰ ਦਾ ਆਸ਼ੀਰਵਾਦ ਵੀ ਲਿਆ। ਇਸ ਤੋਂ ਕੁੱਝ ਦਿਨ ਪਹਿਲਾ ਅਭਿਸ਼ੇਕ ਕਪੂਰ ਨੂੰ ਸੁਸ਼ਾਂਤ ਸਿੰਘ ਰਾਜਪੂਤ ਤੇ ਸਾਰਾ ਅਲੀ ਖ਼ਾਨ ਨਾਲ ਦੇਖਿਆ ਗਿਆ ਸੀ। ਉਹ ਸਮੇਂ ਅੰਮ੍ਰਿਤਾ ਸਿੰਘ ਵੀ ਉਨ੍ਹਾਂ ਦੇ ਨਾਲ ਸਨ।

# ਲਾਂਚਿੰਗ ਪਾਰਟੀ 'ਚ ਬੇਟੀ ਸੁਹਾਨਾ ਨਾਲ ਪਹੁੰਚੇ ਸ਼ਾਹਰੁੱਖ਼ ਖ਼ਾਨ

ਗ਼ੌਰੀ ਖ਼ਾਨ ਕਿਸੇ ਪਹਿਚਾਣ ਦੀ ਮੁਹਤਾਜ ਨਹੀਂ ਹੈ ਕਿਉਂਕਿ ਬਾਲੀਵੁੱਡ ਦੇ ਕਿੰਗ ਖ਼ਾਨ ਸ਼ਾਹਰੁੱਖ਼ ਖ਼ਾਨ ਦੀ ਪਤਨੀ ਹੋਣ ਦੇ ਬਾਵਜੂਦ ਉਸ ਨੇ ਆਪਣੀ ਇੱਕ ਖ਼ਾਸ ਪਹਿਚਾਣ ਬਣਾਈ ਹੈ।



ਫ਼ਿਲਮ ਨਿਰਮਾਤਾ ਹੋਣ ਦੇ ਨਾਲ ਨਾਲ ਗ਼ੌਰੀ ਖ਼ਾਨ ਇੰਟੀਰਿਅਰ ਡਿਜ਼ਾਈਨਰ ਵੀ ਹੈ ਜਿਸ ਨੇ ਕਿ ਬੀ-ਟਾਊਨ ਦੇ ਕਈ ਮਸ਼ਹੂਰ ਸਿਤਾਰਿਆਂ ਤੋਂ ਇਲਾਵਾ ਕਈ ਰੈਸਟੋਰੈਂਟ ਵੀ ਡਿਜ਼ਾਈਨ ਕੀਤੇ ਹਨ। ਗ਼ੌਰੀ ਖ਼ਾਨ ਵੱਲੋਂ ਡਿਜ਼ਾਈਨ ਕੀਤੀ ਗਈ ਰੈਸਟੋਰੈਂਟ ਅਰਥ ਨੂੰ ਲਾਂਚ ਕਰਨ ਮੌਕੇ ਇਸ ਦੀ ਸ਼ਲਾਘਾ ਲਈ ਪਹੁੰਚੇ ਸ਼ਾਹਰੁੱਖ਼ ਖ਼ਾਨ ਤੇ ਉਨ੍ਹਾਂ ਦੀ ਬੇਟੀ ਸੁਹਾਨਾ ਨੇ ਮੀਡੀਆ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਸੁਹਾਨਾ ਨੇ ਜੋ ਡਰੇਂਸ ਪਹਿਨੀ ਹੋਈ ਸੀ ਉਸ ਦੀ ਕੀਮਤ 80 ਹਜ਼ਾਰ ਦੇ ਕਰੀਬ ਸੀ।

# ਪਾਕਿਸਤਾਨ 'ਚ ਢਾਹ ਦਿੱਤਾ ਗਿਆ ਦਲੀਪ ਕੁਮਾਰ ਦਾ ਘਰ



ਭਾਰਤ ਦੇ ਪ੍ਰਸਿੱਧ ਫ਼ਿਲਮੀ ਅਦਾਕਾਰ ਦਲੀਪ ਕੁਮਾਰ ਦਾ ਪਾਕਿਸਤਾਨ ਦੇ ਪੇਸ਼ਾਵਰ ਸਥਿਤ 100 ਸਾਲ ਪੁਰਾਣਾ ਮਕਾਨ ਢਾਹ ਦਿੱਤਾ ਗਿਆ ਹੈ। ਪੂਰੇ ਘਰ ਦਾ ਹੁਣ ਸਿਰਫ਼ ਦਰਵਾਜ਼ਾ ਹੀ ਬਚਿਆ ਹੈ ਜੋ ਕਿ ਖੜ੍ਹਾ ਹੈ। ਕਲਚਰਲ ਹੈਰੀਟੇਜ ਕੌਂਸਲ ਦਾ ਕਹਿਣਾ ਹੈ ਕਿ ਘਰ ਨੂੰ ਜਲਦੀ ਹੀ ਫਿਰ ਤੋਂ ਬਣਾ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ 2014 'ਚ ਇਸ ਘਰ ਨੂੰ ਰਾਸ਼ਟਰੀ ਧਰੋਹਰ ਮੰਨਿਆ ਗਿਆ ਸੀ ਪਰੰਤੂ ਇਸ ਦੇ ਬਾਵਜੂਦ ਇਸ ਨੂੰ ਸੰਭਾਲ ਕੇ ਨਹੀਂ ਰੱਖਿਆ ਗਿਆ। ਦਲੀਪ ਕੁਮਾਰ ਦਾ ਘਰ ਢਹਿਣ ਤੋਂ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਦੀ ਪਤਨੀ ਸਾਇਰਾ ਬਾਨੋ ਕਾਫ਼ੀ ਦੁਖੀ ਹਨ। ਦਲੀਪ ਕੁਮਾਰ ਤੇ ਸਾਇਰਾ ਬਾਨੋ ਪਿਛਲੇ ਕਈ ਸਾਲਾਂ ਤੋਂ ਮੁੰਬਈ ਵਿਖੇ ਰਹਿ ਰਹੇ ਹਨ।

# ਸ਼ਾਹਰੁੱਖ਼ ਤੇ ਅਨੁਸ਼ਕਾ ਦੀ ਫ਼ਿਲਮ 'ਜਬ ਹੈਰੀ ਮੈਟ ਸੇਜਲ' ਦਾ ਪਹਿਲਾ ਗੀਤ ਰਿਲੀਜ਼



ਬਾਲੀਵੁੱਡ ਦੇ ਕਿੰਗ ਖ਼ਾਨ ਸ਼ਾਹਰੁੱਖ਼ ਖ਼ਾਨ ਤੇ ਅਨੁਸ਼ਕਾ ਸ਼ਰਮਾ ਦੀ ਫ਼ਿਲਮ 'ਜਬ ਹੈਰੀ ਮੈਟ ਸੇਜਲ' ਦਾ ਪਹਿਲਾ ਗੀਤ ਰਿਲੀਜ਼ ਹੋ ਗਿਆ ਹੈ। 'ਰਾਧਾ' ਟਾਈਟਲ ਦੇ ਇਸ ਗੀਤ ਦੀ ਸ਼ੁਰੂਆਤ 'ਚ ਸ਼ਾਹਰੁੱਖ਼ ਖ਼ਾਨ ਅਨੁਸ਼ਕਾ ਨੂੰ ਸਮਝਾਉਂਦੇ ਹਨ ਕਿ ਪੰਜਾਬੀ ਗਾਇਕ ਆਖ਼ਿਰ ਕਿਉਂ ਇੰਨੀ ਜ਼ੋਰ ਨਾਲ ਗਾਉਂਦੇ ਹਨ। ਇੱਕ ਪਾਸੇ ਜਿੱਥੇ ਸ਼ਾਹਰੁੱਖ਼ ਖ਼ਾਨ ਦੀ ਗੱਲ ਤੁਹਾਨੂੰ ਭਾਵੁਕ ਕਰ ਦੇਵੇਗੀ ਉੱਥੇ ਹੀ ਹੀ ਦੂਸਰੇ ਪਾਸੇ ਅਨੁਸ਼ਕਾ ਦੇ ਹਾਵ ਭਾਵ ਤੁਹਾਨੂੰ ਹੱਸਣ ਲਈ ਮਜਬੂਰ ਕਰ ਦੇਣਗੇ।। ਇਮਤਿਆਜ਼ ਅਲੀ ਦੇ ਨਿਰਦੇਸ਼ਨ ਵਿਚ ਬਣੀ ਇਸ ਫ਼ਿਲਮ ਵਿਚ ਸ਼ਾਹਰੁੱਖ਼ ਖ਼ਾਨ ਇੱਕ ਪੰਜਾਬੀ ਮੁੰਡੇ ਹੈਰੀ ਦਾ ਕਿਰਦਾਰ ਨਿਭਾ ਰਹੇ ਹਨ ਜਦਕਿ ਅਨੁਸ਼ਕਾ ਗੁਜਰਾਤੀ ਲਵਖਸੇਰਜ਼ਲ ਬਣੀ ਹੈ। ਸ਼ਾਹਰੁੱਖ਼ ਖ਼ਾਨ ਨੇ ਫ਼ਿਲਮ ਦੇ ਪਹਿਲੇ ਗੀਤ ਨੂੰ ਅਹਿਮਦਾਬਾਦ 'ਚ ਸੇਜਲ ਨਾਂਅ ਦੀਆਂ 700 ਲੜਕੀਆਂ ਨਾਲ ਲਾਂਚ ਕੀਤਾ।। ਇਸ ਦੀ ਤਸਵੀਰ ਟਵੀਟਰ 'ਤੇ ਜਾਰੀ ਕਰਦਿਆਂ ਸ਼ਾਹਰੁੱਖ਼ ਖ਼ਾਨ ਨੇ ਕਿਹਾ "ਮੇਰੀ ਸੇਜਲ, ਮੇਰੀ ਰਾਧਾ... ਮੈਂ ਇਮਤਿਆਜ਼ ਅਲੀ (ਨਿਰਦੇਸ਼ਕ) ਨੂੰ ਇਹ ਫ਼ੋਟੋ ਖਿੱਚਣ ਲਈ ਕਿਹਾ ਤਾਂ ਕਿ ਇਹ ਫ਼ਿਲਮ ਵਿਚ ਨਾ ਦਿਸੇ। ਸਾਰਿਆ ਨੂੰ ਪਿਆਰ ..."ਦੱਸ ਦੇਈਏ ਕਿ ਫ਼ਿਲਮ 'ਰੱਬ ਨੇ ਬਨ੍ਹਾ ਦੀ ਜੋੜੀ' ਤੇ 'ਜਬ ਤਕ ਹੈ ਜਾਨ' ਤੋਂ ਬਾਅਦ ਸ਼ਾਹਰੁੱਖ-ਅਨੁਸ਼ਕਾ ਤੀਸਰੀ ਵਾਰ ਫ਼ਿਲਮ 'ਜਬ ਹੈਰੀ ਮੈਟ ਸੇਜਲ' 'ਚ ਸਕਰੀਨ ਸਾਂਝੀ ਕਰ ਰਹੇ ਹਨ। ਫ਼ਿਲਮ ਦੀ ਸ਼ੂਟਿੰਗ ਪਰਾਗ, ਬੁਡਾਪੇਸਟ ਤੇ ਪੰਜਾਬ 'ਚ ਹੋਈ ਹੈ।ਫ਼ਿਲਮ ਦੇ 3 ਮਿੰਨੀ ਟਰੇਲਰ ਪਹਿਲਾ ਰਿਲੀਜ਼ ਹੋ ਚੁੱਕੇ ਹਨ।

# ਟੀ.ਵੀ ਅਦਾਕਾਰਾ ਅੰਜਲੀ ਸ਼੍ਰੀਵਾਸਤਵ ਨੇ ਕੀਤੀ ਆਤਮ ਹੱਤਿਆ



ਕਈ ਟੀ.ਵੀ ਨਾਟਕਾਂ ਵਿਚ ਕੰਮ ਕਰਨ ਵਾਲੀ ਅਦਾਕਾਰਾ ਅੰਜਲੀ ਸ਼੍ਰੀਵਾਸਤਵ ਨੇ ਪੱਛਮੀ ਮੁੰਬਈ ਉਪਨਗਰ ਅੰਧੇਰੀ ਸਥਿਤ ਆਪਣੇ ਘਰ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਕੋਈ ਸੁਸਾਇਡ ਨੋਟ ਨਾ ਮਿਲਣ ਕਰ ਕੇ ਖ਼ੁਦਕੁਸ਼ੀ ਦਾ ਇਹ ਮਾਮਲਾ ਬਹੁਤ ਉਲਝ ਗਿਆ ਹੈ। ਬਹਿਰਾਲ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ ਹੈ। ਪੁਲਿਸ ਮੁਤਾਬਿਕ ਅੰਜਲੀ ਸ਼੍ਰੀਵਾਸਤਵ ਦੇ ਕਿਸੇ ਰਿਸ਼ਤੇਦਾਰ ਨੇ ਫ਼ੋਨ ਕੀਤਾ ਕਿ ਅੰਜਲੀ ਉਨ੍ਹਾਂ ਦਾ ਫ਼ੋਨ ਨਹੀਂ ਉਠਾ ਰਹੀ ਜਿਸ ਤੋਂ ਬਾਅਦ ਉਨ੍ਹਾਂ ਨੇ ਮਕਾਨ ਮਾਲਕ ਨੂੰ ਫ਼ੋਨ ਕੀਤਾ। ਅੰਜਲੀ ਦੇ ਮਕਾਨ ਮਾਲਕ ਕੋਲ ਫਲੈਟ ਦੀ ਡੁਪਲੀਕੇਟ ਚਾਬੀ ਸੀ ਜਿਸ ਤੋਂ ਬਾਅਦ ਜਦੋਂ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਸਾਹਮਣੇ ਅੰਜਲੀ ਦੀ ਲਾਸ਼ ਪੱਖੇ ਨਾਲ ਲਟਕੀ ਹੋਈ ਸੀ ਜਿਸ ਤੋਂ ਬਾਅਦ ਉਨ੍ਹਾਂ ਨੇ ਤੁਰੰਤ ਇਸ ਬਾਰੇ ਪੁਲਿਸ ਨੂੰ ਸੂਚਨਾ ਦਿੱਤੀ। ਅੰਜਲੀ ਸ਼੍ਰੀਵਾਸਤਵ ਦੀ ਆਖ਼ਰੀ ਫ਼ਿਲਮ 'ਕੇਹੂ ਤਾ ਦਿਲ ਮੈਂ ਬਾ' ਇਸ ਸਾਲ ਰਿਲੀਜ਼ ਹੋਈ ਸੀ।

# ਸਿਖਰਾਂ ਨੂੰ ਛੂਹ ਗਿਆ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦਾ 'ਪੁਸਤਕਾਂ ਲੋਕ-ਅਰਪਣ ਸਮਾਰੋਹ'

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ –** ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋ ਚੰਡੀਗੜ੍ਹ ਦੇ ਸੈਕਟਰ-39 ਦੀ ਬਗਲ 'ਚ ਵਸਦੇ ਪਿੰਡ ਮਲੋਆ ਵਿਖੇ ਜਾਨਦਾਰ ਤੇ ਸ਼ਾਨਦਾਰ, 'ਪੁਸਤਕਾਂ ਲੋਕ-ਅਰਪਣ ਸਮਾਰੋਹ' ਕਰਵਾਇਆ ਗਿਆ। ਇਸ ਅਵਸਰ ਤੇ ਪ੍ਰੀਤਮ ਲੁਧਿਆਣਵੀ ਦਆਰਾ ਰਚਿਤ ਤਿੰਨ ਪੁਸਤਕਾਂ, 'ਨੱਚੀ ਬਲਜੀਤ ਜਦੋ' (ਗੀਤ-ਸੰਗ੍ਰਹਿ) 'ਇੱਕ ਫੱਕਰ ਆਤਮਾ' (ਜੀਵਨੀ- ਫਤਹਿ ਸਿੰਘ ਬਾਗੜੀ) ਅਤੇ 'ਘੀਚੇ ਦੀ ਕੁੜਮਾਈ' (ਹਾਸ-ਵਿਅੰਗ) ਲੋਕ-ਅਰਪਣ ਕੀਤੀਆਂ ਗਈਆਂ। ਸਮਾਗਮ ਦਾ ਅਗਾਜ ਨਾਮਵਰ ਕਵਿੱਤਰੀ ਤੇ ਕਹਾਣੀਕਾਰਾ ਕੁਲਵਿੰਦਰ ਕੌਰ ਮਹਿਕ ਅਤੇ ਸਮਾਗਮ ਦੇ ਪ੍ਰਧਾਨਗੀ-ਕਰਤਾ ਲਾਲ ਸਿੰਘ ਲਾਲੀ (ਸੁਪ੍ਰਸਿੱਧ ਗੀਤਕਾਰ) ਵਲੋ ਸ਼ਮਾਂ ਰੋਸ਼ਨ ਕਰ ਕੇ ਕੀਤਾ ਗਿਆ।

ਪ੍ਰੈਸੱ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰੈਸੱ ਸਕੱਤਰ ਮਹਿੰਗਾ ਸਿੰਘ ਕਲਸੀ ਅਤੇ ਮੀਤ ਪ੍ਰਧਾਨ ਪ੍ਰਿੰ. ਬਲਬੀਰ ਛਿੱਬੜ ਨੇ ਦੱਸਿਆ ਕਿ ਇਸ ਮੌਕੇ ਤੇ ਇਨ੍ਹਾਂ ਪੁਸਤਕਾਂ ਦੇ ਲੇਖਕਂ ਪ੍ਰੀਤਮ ਲੁਧਿਆਣਵੀ ਦੇ ਨਾਲ-ਨਾਲ ਫਤਹਿ ਸਿੰਘ ਬਾਗੜੀ, (ਜਿਨ੍ਹਾਂ ਦੀ ਲਿਖੀ ਗਈ ਜੀਵਨੀ ਲੋਕ-ਅਰਪਣ ਕੀਤੀ ਗਈ), ਨੂੰ ਵੀ ਅਵਾਰਡ ਅਤੇ ਲੋਈ ਨਾਲ ਸਨਮਾਨਤ ਕੀਤਾ ਗਿਆ। ਸੰਸਥਾ ਦੀਆਂ ਸਰਗਰਮੀਆਂ ਵਿਚ ਵਧੀਆ ਕਾਰ-ਗੁਜਾਰੀ ਦਿਖਾਉਣ ਬਦਲੇ, ਪ੍ਰਿੰ. ਬਲਬੀਰ ਛਿੱਬੜ, ਸ਼ਮਸ਼ੇਰ ਸਿੰਘ ਪਾਲ ਅਤੇ ਮਹਿੰਗਾ ਸਿੰਘ ਕਲਸੀ ਸਮੇਤ, ਪੁਸਤਕਾਂ ਪ੍ਰਤੀ ਪਰਚਾ ਪੜਨ ਵਾਲੇ ਸਾਹਿਤਕਾਰ ਅਜਮੇਰ ਸਾਗਰ ਅਤੇ ਗੀਤਾਂ ਨਾਲ ਕਮਾਲ-ਮਈ ਰੰਗ ਬੰਨਣ ਵਾਲੇ ਨਸੀਬ ਸਿੰਘ ਨਸੀਬ, ਅਮਰ ਵਿਰਦੀ, ਗੁਰਵਿੰਦਰ ਗੁਰੀ ਅਤੇ ਭਿੰਦਰ ਭਾਗੋ ਮਾਜਰਾ ਨੂੰ ਵੀ ਯਾਦਗਾਰੀ ਚਿੰਨਾਂ ਨਾਲ ਸਨਮਾਨਿਆ ਗਿਆ।

ਸਨਮਾਨਤ ਕਰਨ ਅਤੇ ਪੁਸਤਕਾਂ ਲੋਕ-ਅਰਪਣ ਦੀਆਂ ਰਸਮਾਂ ਮੁੱਖ ਮਹਿਮਾਨ ਬਲਕਾਰ ਸਿੱਧੂ, ਡਾਇਰੈਕਟਰ, ਟੈਗੋਰ ਥੀਏਟਰ, ਚੰਡੀਗੜ੍ਹ, ਮੈਡਮ ਮਨਜੀਤ ਕੌਰ ਮੀਤ (ਨਾਮਵਰ ਕਹਾਣੀਕਾਰਾ) ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ (ਰਿਟਾ.), ਕੁਲਵਿੰਦਰ ਕੌਰ ਮਹਿਕ, ਲਾਲ ਸਿੰਘ ਲਾਲੀ, ਮੇਜਰ ਸਿੰਘ ਈਸੜੂ, ਤੇਜ ਕੰਵਲ ਗਰੇਵਾਲ (ਯੂ. ਐਸ. ਏ.), ਜਸਪਾਲ ਕੰਵਲ ਅਤੇ ਹੋਰ ਅਹੁੱਦੇਦਾਰਾਂ ਵਲੋਂ ਸਮੂਹਿਕ ਤੌਰ ਤੇ ਨਿਭਾਈਆਂ ਗਈਆਂ। ਸਮੁੱਚੇ ਸਮਾਗਮ ਦੌਰਾਨ ਸਟੇਜ-ਸਕੱਤਰ ਦੇ ਫਰਜ, ਸਟੇਜਾਂ ਦੇ ਧਨੀ ਮਹਿੰਗਾ ਸਿੰਘ ਕਲਸੀ ਵਲੋਂ ਬਾ-ਖ਼ੂਬੀ ਨਿਭਾਏ ਗਏ।




ਸਮਾਗਮ ਦੌਰਾਨ ਜਿੱਥੇ ਏਂਜਲ ਪਬਲਿਕ ਸਕੂਲ, ਬਹਿਲੋਲਪੁਰ ਦੇ ਹੋਣਹਾਰ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਿਆ ਗਿਆ, ਉਥੇ ਮਲੋਆ ਅਤੇ ਮੁਹਾਲੀ ਦੇ ਅੱਧੀ ਦਰਜਨ ਤੋ ਵੱਧ ਅੱਡ-ਅੱਡ ਸਕੂਲਾਂ ਦੇ ਤਿੰਨ ਦਰਜਨ ਦੇ ਕਰੀਬ ਹੋਣਹਾਰ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਵੀ ਮੈਡਲ ਅਤੇ ਫੁੱਲਾਂ ਦੇ ਹਾਰ ਪਾਕੇ ਉਨ੍ਹਾਂ ਦੀ ਹੌਸਲਾ-ਅਫਜਾਈ ਕੀਤੀ ਗਈ।

ਇਸ ਅਵਸਰ ਤੇ ਚੰਡੀਗੜ੍ਹ ਦੇ 22 ਪਿੰਡਾਂ ਦੇ ਪ੍ਰਧਾਨ ਕਾਮਰੇਡ ਜੋਗਿੰਦਰ ਜੀ ਨੇ ਪੰਜਾਬੀ ਮਾ-ਬੋਲੀ ਦੇ ਹੱਕ 'ਚ ਸਾਰੀਆਂ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਨੂੰ ਇਕ-ਮੁੱਠ ਹੋਣ ਦਾ ਸੱਦਾ ਦਿੱਤਾ, ਜਿਸ ਦੀ ਪ੍ਰੋੜਤਾ ਕਾਮਰੇਡ ਜੋਗਾ ਸਿੰਘ ਅਤੇ ਭਗਤ ਰਾਮ ਰੰਗਾੜਾ ਨੇ ਵੀ ਕੀਤੀ। ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਮੁੱਖ ਮਹਿਮਾਨ ਬਲਕਾਰ ਸਿੱਧੂ, ਮਨਜੀਤ ਕੌਰ ਮੀਤ ਅਤੇ ਲਾਲ ਸਿੰਘ ਲਾਲੀ ਨੇ ਜਿੱਥੇ ਸਮਾਗਮ ਦੀ ਕਾਮਯਾਬੀ ਲਈ ਸੰਸਥਾ ਨੂੰ ਵਧਾਈ ਦਿੱਤੀ ਉਥੇ ਪ੍ਰੀਤਮ ਲੁਧਿਆਣਵੀ ਅਤੇ ਫਤਹਿ ਸਿੰਘ ਬਾਗੜੀ ਨੂੰ ਵੀ ਮੁਬਾਰਕਵਾਦ ਆਖੀ। ਸਮਾਗਮ ਦੀ ਕਾਰ-ਗੁਜਾਰੀ ਤੋ ਖੁਸ਼ ਹੋ ਕੇ 'ਪਾਲ ਟੈਕਸੀ ਸਟੈਂਡ' ਦੇ ਮਾਲਕ ਅਵਤਾਰ ਸਿੰਘ ਪਾਲ ਨੇ ਗਿਆਰਾਂ ਸੌ, ਐਚ. ਐਮ. ਵੀ. ਆਰਟਿਸਟ ਨਸੀਬ ਸਿੰਘ ਨਸੀਬ ਨੇ ਇੱਕੀ ਸੌ ਅਤੇ ਤੇਜ ਕੰਵਲ ਗਰੇਵਾਲ (ਯੂ. ਐਸ. ਏ.) ਵਿਸ਼ੇਸ਼ ਮਹਿਮਾਨ ਨੇ ਇਕਵੰਜਾ ਸੌ ਰੁਪਏ ਸੰਸਥਾ ਨੂੰ ਦਿੱਤੇ।

ਇਸ ਮੌਕੇ ਤੇ ਕਮਲਪ੍ਰੀਤ ਕੌਰ ਗੋਲਡੀ, ਗਗਨਜੋਤ ਕੌਰ, ਮਨਦੀਪ ਸਿੰਘ ਮੰਟੀ, ਮਨਦੀਪ ਕੌਰ, ਸੁਖਦਰਸਨ ਕੌਰ ਅਤੇ ਬਲਜੀਤ ਕੌਰ ਵਲੋ ਸਮਾਗਮ ਦੀ ਕਾਮਯਾਬੀ ਲਈ ਨਿਭਾਏ ਗਏ ਸਲਾਹੁਣ ਯੋਗ ਰੋਲ ਦੀ ਖ਼ੂਬ ਪ੍ਰਸੰਸਾ ਹੋਈ।

ਸਮਾਗਮ ਵਿਚ ਪੁੱਜੀਆਂ ਹੋਰ ਸਖਸ਼ੀਅਤਾਂ ਵਿਚ ਬਹਾਦਰ ਸਿੰਘ ਗੋਸਲ, ਜਰਨੈਲ ਹਸਨਪੁਰੀ, ਕ੍ਰਿਸ਼ਨ ਭੱਟੀ, ਸਿਕੰਦਰ ਰਾਮਪੁਰੀ, ਆਰ. ਕੇ. ਸਾਹੋਵਾਲੀਆ, ਮੇਵਾ ਸਿੰਘ, ਪ੍ਰੇਮ ਸਿੰਘ ਮਲਿਕਪੁਰ, ਸਰਵਣ ਸਿੰਘ, ਸੇਵਾ ਸਿੰਘ, ਹਰਜੋਧ ਸਿੰਘ, ਬਲਵਿੰਦਰ ਸਿੰਘ ਨੰਬਰਦਾਰ, ਸੋਹਣ ਸਿੰਘ ਮਹਿਮੀ ਅਤੇ ਮਾਮੂ ਰਾਣਾ ਆਦਿ ਹਾਜਰ ਸਨ। ਜਿਕਰ ਯੋਗ ਹੈ ਕਿ ਸਮਾਗਮ ਦੌਰਾਨ ਹਾਜ਼ਰ ਸਮੂਹ ਸਾਹਿਤਕਾਰਾਂ ਤੇ ਪਤਵੰਤਿਆਂ ਨੂੰ ਤਿੰਨ ਪੁਸਤਕਾਂ ਦਾ ਸੈਟ ਅਤੇ ਮੈਡਲ ਸੰਸਥਾ ਵਲੋ ਦੇਕੇ ਉਨ੍ਹਾਂ ਪ੍ਰਤੀ ਆਪਣੀਆਂ ਆਦਰ-ਸਤਿਕਾਰ ਭਰੀਆਂ ਭਾਵਨਾਵਾਂ ਦਾ ਇਜਹਾਰ ਕੀਤਾ ਗਿਆ। ਕੁੱਲ ਮਿਲਾਕੇ ਸੰਸਥਾ ਦਾ ਇਹ 'ਪੁਸਤਕਾਂ ਲੋਕ-ਅਰਪਣ ਸਮਾਰੋਹ' ਸਿਖਰਾਂ ਨੂੰ ਛੂਹ ਗਿਆ।





ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਏ ਜਾਣ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ ਲੱਖ ਵਧਾਈ।

ਆਓ ਆਪਾਂ ਸਭ ਰਲ-ਮਿਲ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਉਪਰੋਕਤ ਦਿਨਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਹਰਦਿਆਲ ਬੰਗਾ**

**ਅਤੇ**

**ਸਮੂਹ ਬੰਗਾ ਪਰਿਵਾਰ**



ਹਰਦਿਆਲ ਬੰਗਾ ਅਤੇ ਉਹਨਾਂ ਦੀ ਸੁਪਤਨੀ



ਹਰਦਿਆਲ ਸਿੰਘ ਬੰਗਾ ਆਪਣੇ ਦੋਵੇਂ ਸਪੁੱਤਰਾਂ ਸਟੀਵ ਬੰਗਾ (ਖੱਬੇ) ਅਤੇ ਅਜੈ ਬੰਗਾ (ਸੱਜੇ) ਨਾਲ

# H & S CONSTRUCTION

**Hardi Banga**

**GENERAL CONTRACTOR**

**1824 Santa Rita Dr.**
**Pittsburg, CA 94565**

**Ph 925-458-2196**

Fax 925-261-1891,
Cell 925-584-0727

# ਮਹਾਂਰਿਸ਼ੀ ਵਾਲਮੀਕ ਟੈਂਪਲ ਵਿਖੇ ਹਫਤਾਵਾਰੀ ਪ੍ਰੋਗਰਾਮ












**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਮਹਾਂਰਿਸ਼ੀ ਵਾਲਮੀਕ ਟੈਂਪਲ, ਪਰਸੀ ਐਵਨਿਊ ਯੂਬਾ ਸਿਟੀ ਵਿਖੇ ਬੀਤੇ ਐਤਵਾਰ ਹਫਤਾਵਾਰੀ ਪ੍ਰੋਗਰਾਮ ਕੀਤਾ ਗਿਆ। ਸਭ ਤੋਂ ਪਹਿਲਾਂ ਸ੍ਰੀ ਯੋਗ ਵਸ਼ਿਸਟ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ। ਬਾਅਦ ਵਿਚ ਭਾਰਤ ਤੋਂ ਆਏ ਨਵੇਂ ਪਰਿਵਾਰ ਸ੍ਰੀ ਜਸਪਾਲ ਸੱਭਰਵਾਲ ਤੇ ਤੇਜਿੰਦਰ ਕੌਰ ਸੱਭਰਵਾਲ ਵਾਸੀ ਪਿੰਡ ਮਾਲੜੀ ਜ਼ਿਲ੍ਹਾ ਜਲੰਧਰ ਦਾ ਸਭਾ ਵੱਲੋਂ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ। ਸਭਾ ਵੱਲੋਂ ਪਰਿਵਾਰ ਨੂੰ ਸੰਤੋਖ ਸਿੰਘ ਗਿੱਲ ਨੇ ਜੀ ਆਇਆਂ ਕਿਹਾ ਤੇ ਸਤਿਗੁਰੂ ਵਾਲਮੀਕ ਜੀ ਦੇ ਚਰਨਾਂ ਵਿਚ ਪਰਿਵਾਰ ਦੀ ਤਰੱਕੀ ਲਈ ਅਰਦਾਸ ਵੀ ਕੀਤੀ ਗਈ। ਕਲਾਕਾਰਾਂ ਸ੍ਰੀ ਭੁਪਿੰਦਰ ਭਿੰਦਾ, ਵਿਸਾਲ ਸ਼ਰਬਤੀ, ਪਲਵਿੰਦਰ ਸਹੋਤਾ ਤੇ ਸਵਰਨ ਕੌਰ ਭਗਾਣੀ ਵੱਲੋਂ ਸਤਿਗੁਰੂ ਵਾਲਮੀਕ ਜੀ ਦੀ ਸ਼ੋਭਾ ਵਿਚ ਸ਼ਬਦ ਗਾਏ ਗਏ। ਬਾਅਦ ਵਿਚ ਸ੍ਰੀ ਵਿਨੋਦ ਗਿੱਲ ਜੀ ਵੱਲੋਂ ਯੋਗ ਵਸ਼ਿਸਟ ਵਿਚੋਂ ਪੜ੍ਹੇ ਗਏ ਸ਼ਬਦਾਂ ਦੀ ਵਿਆਖਿਆ ਬਹੁਤ ਹੀ ਵਿਸਥਾਰ ਪੂਰਵਕ ਕੀਤੀ ਗਈ। ਸਾਰਾ ਦਿਨ ਲੰਗਰ ਅਤੁੱਟ ਵਰਤਦਾ ਰਿਹਾ। ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਜੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਤੇ ਸਮੂਹ ਸੰਗਤਾਂ ਨੂੰ ਮੰਦਰ ਦੇ ਵਿਸਥਾਰ ਲਈ ਦਿਲ ਖੋਲ੍ਹ ਕੇ ਦਾਨ ਦੇਣ ਦੀ ਅਪੀਲ ਵੀ ਕੀਤੀ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ** (530-740-3056)

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ













**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 23 ਤੋਂ 25 ਜੂਨ ਦਿਨ ਸ਼ੁੱਕਰਵਾਰ ਤੋਂ ਐਤਵਾਰ ਤੱਕ ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਗਿਆ, ਜਿਸ ਵਿਚ 23 ਜੂਨ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕੀਤੇ ਗਏ, ਜਿਹਨਾਂ ਦੇ ਭੋਗ 25 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਭਾਈ ਕਮਲਜੀਤ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦੀ ਦੇ ਜਥੇ ਨੇ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਕਸ਼ਮੀਰ ਸਿੰਘ ਜੀ ਪਰਿਵਾਰ ਵੱਲੋਂ ਪਾਣੀ ਦੀ ਛਬੀਲ ਦੀ ਸੇਵਾ ਕੀਤੀ ਗਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

************

# ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)

## 2150 ਕ੍ਰਿਸਟਵਿਊ ਡ੍ਰਾਈਵ, ਪਿਟਸਬਰਗ (ਕੈਲੇਫੋਰਨੀਆ) 94565






**ਗੁਰੂ ਪਿਆਰੀ ਸਾਧ ਸੰਗਤ ਜੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਈ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 30 ਜੂਨ ਨੂੰ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 2 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕੀਤੀ ਜਾਵੇਗੀ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜਥਾ ਗਿਆਨੀ ਓਮਪਾਲ ਸਿੰਘ, ਗਿਆਨੀ ਗੁਰਨਾਮ ਸਿੰਘ ਜੀ ਅਤੇ ਗਿਆਨੀ ਪ੍ਰਕਾਸ਼ ਸਿੰਘ ਜੀ ਦੇ ਜਥੇ ਰਸਭਿੰਨੇ ਸ਼ਬਦ ਗਾਇਨ ਨਾਲ ਸੰਗਤ ਨੂੰ ਨਿਹਾਲ ਕਰਨਗੇ।

**Representatives of all Sabhas, Religious artists, distinguished Speakers and community leaders, Prominent Kirtani Jathas of Giani Suveg Singh, Giani Gurnam Singh & Giani Ompal Singh and Giani Parkash Singh will adorn this function.**

**Nishan Sahib Hoisting Ceremony will be held on July 01, 2017 (SATURDAY) at 3:30 PM, Bibi Manjit Kaur has volunteered for Nishan Sahib sewa ., Bhai Chanchal Hira and Bibi Daljit Kaur Hira are donating CHNDOA Sahib., President Kashmiri Bhatia, Bibi Kamaljit Kaur Bhatia and family will perform Langer Sewa for this program.**

## ਬੇਨਤੀ ਕਰਤਾ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਬਰਗ (ਕੈਲੇਫੋਰਨੀਆ)

For STALLS, LUNGAR or any other SEWA, please contact:
General Secretary- Gina Bhatia at (925) 383-4880, President - Kashmiri Bhatia at (408) 460-0262

ਹੋਰ ਜਾਣਕਾਰੀ ਸੰਪਰਕ ਕਰੋ
ਗੁਰੂ ਘਰ 925-439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ



| Chairman | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| (925) 683-0178 | (408)460-0262 | (925) 483-1629 | (209)627-7944 |